

SEPTEMBER 1977 50c

GREAT SHOW OF WEDDING SAREES

# FRONTIER CLOTH HOUSE

*(Wholesalers, Retailers and Importers)*

*6672 MAIN STREET*
*VANCOUVER, B.C.*

Bus.: 325-4424
Res.: 324-5156

***We Have Quality As Well As Quantity!***

SPECIALISTS IN:
Indian Suits, Sarees, Lehngas, Capes, Hars, and other Indian Goods.

Japanese printed and plain sarees and suits, British cardigans, shirts, ladies' suits and children's clothes.

Free estimates on the Drapes. Very low price on stitches. We have lots of varieties in Drapes.

**HEAD OFFICE: NEW FRONTIER CLOTH HOUSE**
**PHAGWARA (PANJAB)**
**INDIA**

**Phone 2375**

Manager Vancouver Branch
SUSHIL BATRA

Phone: 325-4424

---

*Your Satisfaction Is Our Pleasure*

# PAMELA INTERNATIONAL TRAVEL

**4877 MAIN STREET, VANCOUVER, B.C. PHONE: 876-2248**

SERVING YOU AT DIFFERENT LOCATIONS:
DELHI, BANGKOK, HONG KONG & LOS ANGELES

SPECIALIZE IN FARES TO
INDIA, LONDON, HONG KONG, TOKYO FIJI, SINGAPORE, BANGKOK

*Immigrant Fares from India*

**SPECIAL EXCURSION FARES TO INDIA**

ਲੰਡਨ ਜਾਂ ਹਾਂਗਕਾਂਗ ਰਾਹੀਂ 4 ਮਹੀਨੇ ਲਈ ਆਉਣ ਜਾਣ ਦਾ ਸਪੈਸ਼ਲ ਕਿਰਾਇਆ, ਫ਼ੋਨ ਕਰੋ!

**FOR ALL YOUR TRAVEL NEEDS**
**CONTACT**

**PAMTRAVEL — 876-2248**

B
B G S
S

# BOMBAY GROCERY STORE

**3950 MAIN STREET, VANCOUVER**
**874-3711**

We are open 7 days a week
from 9:30 a.m. to 10 p.m.

*Special Discount for Weddings, Akhand Paths and other bulk orders!*



B
B C R
R

# Bombay Curry Restaurant

*Licensed Premises*

**3934 MAIN STREET, (23rd Ave.)**
**VANCOUVER**
**874-5722**

Opens Mon. to Fri. 11:00 a.m. to 10:30 p.m.
Sat. and Sun. 10:00 a.m. to 10:00 p.m.

*Special Arrangements for Wedding Parties and other occasions!*

*A DIVISION OF*

# SHUKLA ENTERPRISES LTD.

**Res. Phone: 874-4501**

***WATNO DUR IS ALSO AVAILABLE HERE!***

---

B.C. CERTIFIED TECHNICIANS

*" NAME SAYS IT ALL "*

# LOW-COST APPLIANCES AND REFRIDGERATION

- ਹਰ ਪ੍ਰਕਾਰ ਦੀਆਂ ਘਰੇਲੂ ਬਿਜਲੀ ਮਸ਼ੀਨਾਂ - ਵਾਸ਼ਰ, ਡਰਾਇਰ, ਫਰਿਜ, ਫਰੀਜ਼ਰ ਸਟੋਵ ਤੇ ਡਿਸ਼ਵਾਸ਼ਰ ਆਦਿ ਦੀ ਸਸਤੀ ਤੇ ਭਰੋਸੇ ਜੋਗ ਮੁਰੰਮਤ ਲਈ ਸਾਨੂੰ ਫੋਨ ਕਰੋ।
- ਪਰਕਾਸ਼ ਸਿੰਘ ਤੱਖਰ ਨਾਲ ਪੰਜਾਬੀ 'ਚ ਵੀ ਗੱਲਬਾਤ ਕੀਤੀ ਜਾ ਸਕਦੀ ਹੈ
- ਨਵੀਆਂ ਤੇ ਮੁਰੰਮਤ ਸ਼ੁਦਾ ਮਸ਼ੀਨਾਂ ਖਰੀਦਣ ਲਈ ਦਰਸ਼ਨ ਦਿਉ।
- We welcome TRADE-INS.

**876 COMMERCIAL DRIVE, VANCOUVER, B.C.**

## *Sales & Service*

## PHONE Bus: 253-9716




PHONES RES:

584-6372 or 437-3684
(P.S.TAKHAR) (ZOOL NATHOO)

We specialize in repairs to all makes and models of:

*WASHERS – DRYERS – STOVES – REFRIDGERATORS – FREEZERS – AIR CONDITIONERS*
*ELECTRIC WATER TANKS – MICRO-WAVE OVENS – DISHWASHERS*

**24 HOUR SERVICE**

FOR

LIFE INSURANCE

EDUCATION PLAN

MORTGAGE PLAN

**Retirement registered Saving Plan and all other kinds of insurance**

**Contact**

ਹਰ ਕਿਸਮ ਦੇ ਬੀਮੇ ਲਈ ਤੁਹਾਡੇ ਸੁਯਗ
ਅਤੇ ਤਜਰਬੇਕਾਰ ਸਹਾਇਕ :-

ਦਲਜੀਤ ਸੰਧੂ



# DALJIT SANDHU

ਤੇ

## National Life of Canada

Suite 501, 1155—West Pender Street
Vancouver, B.C. Phone: 685-7231

Office
685-7231

Residence
278-0491


---










*Specialist in East Indian Jewelry Craftware*

**BHARTI ART JEWELLERS**
**865 Kingsway near Fraser,**
**Vancouver, B. C., Canada V5V 3C2**
**Store: 874-9448 Res:879-5610**






# Bear Auto Body Company Ltd.

*Specialists in Collision Repairs and Painting*

**7 Years In Business**

***New Location***

**1606 Clark Dr., Vancouver**

**Business 251-1944**

**Residence 872-8101**

**Anytime—7 Days A Week**

I.C.B.C. WORK GREAT DISCOUNTS
RESIDENTIAL WINDOWS
SPECIAL DISCOUNT ON WINDSHIELD REPLACEMENT
WHOLESALE PRICE FOR ANY PART PURCHASED
FREE ESTIMATE AT YOUR HOME
FREE COURTESY CARS

ਜੇ ਕੋਈ damage ਨਾ ਹੋਵੇ ਤਾਂ paint job ਉਸੇ ਦਿਨ ਕੇ ਸਕਦੇ ਹਾਂ!
ਗੱਲਬਾਤ ਪੰਜਾਬੀ ਵਿੱਚ ਵੀ ਕੀਤੀ ਜਾ ਸਕਦੀ ਹੈ!

251-1944 ਜੋਗਿੰਦਰ ਸਿੰਘ ਅਟਵਾਲ 872-8101

---

# BAINS

## INTERNATIONAL TRAVEL SERVICE

*We are appointed agents for all major airlines such as British Airways, Air India, Air Canada, Air France, Swiss Air, Pan American, TWA, Japan Airlines, CP Air, Northwest Orient, KLM, Lufthansa, Quantas, SAS — List is endless.*

*ENQUIRE FOR OTHER SPECIAL FARES: AFFINITY GROUPS, EXCURSIONS, CHARTERS — LONDON, HONG KONG, SINGAPORE, FIJI OR ANY OTHER PART OF THE WORLD.*

**REMEMBER ... ONE CALL DOES IT ALL!!!**

*By Being IATA member we can issue your ticket for any airline while you wait.*

## 3 LOCATIONS TO SERVE YOU

**6364 FRASER STREET,**
**VANCOUVER, B.C.**
**TEL: 324-2277**

**CAPILANO MALL**
**935 MARINE DRIVE**
**NORTH VANCOUVER, B.C.**
**TEL: 980-0351**

**1710 DOUGLAS STREET**
**VICTORIA, B.C.**
**TEL: 386-6363**

# ਨਰਵਾਲ ਇੰਟਰਨੈਸ਼ਨਲ ਟਰੈਵਲਜ਼

**8163 MAIN STREET**
**VANCOUVER, B. C.**

**Cheapest fare to India, Fiji and Pakistan**

Also we have experience to help you and advise you on the following subjects:

1. ਬੇਕਾਰੀ (Unemployment)
2. ਵੈਲਫੇਅਰ (Welfare)
3. ਕਰਾਏਦਾਰੀ ਮਸਲੇ (Landlord & tenents grievances)
4. ਇਮੀਗ੍ਰੇਸ਼ਨ ਤੇ ਸਿਟੀਜ਼ਨਸ਼ਿਪ (Immigration & Citizenship)
5. ਪਾਸਪੋਰਟ ਤੇ ਦੋਭਾਸ਼ (Passport & Interpretation)

ਫ਼ੋਨ ਕਰੋ –

• ਜਸਵੀਰ ਨਰਵਾਲ, ਬੀ ਏ
ਘਰ ਦਾ ਫ਼ੋਨ – **874-3276**

• ਪ੍ਰਿਤਪਾਲ ਨਰਵਾਲ ਬੀ ਏ, ਐਲ ਐਲ ਬੀ
ਦਫ਼ਤਰ ਦਾ ਫ਼ੋਨ – **324-8989**

# COSMOPOLITAN MARRIAGE COUNSELLING

**1090 Kingsway, Vancouver V5V 3C7**



ਸੱਚਾ ਸਾਥੀ ਮਿਲਣਾ ਬੜੀ ਖ਼ੁਸ਼ਕਿਸਮਤੀ ਹੈ। ਅੱਜ ਹੀ ਇਹ ਸੱਚੀ ਖ਼ੁਸ਼ੀ ਹਾਸਲ ਕਰਨ ਲਈ ਸਾਨੂੰ ਮਿਲੋ। ਅਸੀਂ ਤੁਹਾਡੀ ਜਾਣ ਪਛਾਣ ਅੱਛੇ ਅੱਛੇ ਪਰਵਾਰਾਂ ਦੇ ਲੜਕੇ ਲੜਕੀਆਂ ਨਾਲ ਕਰਵਾ ਸਕਦੇ ਹਾਂ। ਹਰ ਤਰ੍ਹਾਂ ਦੀ ਸੂਚਨਾ ਗੁਪਤ ਰੱਖੀ ਜਾਂਦੀ ਹੈ।

ਫ਼ੋਨ: 873-2451

**Buying, selling or trading berry farms, homes, and for any other type of real estate need contact:**

# Block Bros. Realty Ltd.

**32641 South Fraser Way, Abbotsford**
**853-6411 – Direct Line 524-2215**



## SUKHDEV SAHOTA M.A.

RES.: 859-5619

## ਡੈਲਟਾ ਵਿੱਚ ਗਰੋਸਰੀ ਦੀ ਨਵੀਂ ਦੁਕਾਨ

# ਪੰਜਾਬ ਫੂਡ ਸਟੋਰ

1435 ਸਕਾਟ ਰੋਡ, ਡੈਲਟਾ

ਫ਼ੋਨ: 588-4911

ਜਿਥੋਂ ਤੁਹਾਨੂੰ ਹਰ ਕਿਸਮ ਦੀ ਭਾਰਤੀ ਗਰੋਸਰੀ ਜਿਵੇਂ ਆਟਾ, ਦਾਲਾਂ, ਮਸਾਲੇ, ਤੇਲ, ਆਚਾਰ, ਬਦਾਮ ਤੇ ਹੋਰ ਬਹੁਤ ਕੁਛ ਬਹੁਤ ਸਸਤੇ ਭਾਅ ਮਿਲ ਸਕਦਾ ਹੈ।

ਤਾਜ਼ੀਆਂ ਸਬਜ਼ੀਆਂ, ਦੁੱਧ, ਮੱਖਣ ਤੇ ਹੋਰ ਕੈਨੇਡੀਅਨ ਗਰੋਸਰੀ ਵੀ ਮਿਲਦੀ ਹੈ।

ਗਾਣਿਆਂ ਦੀਆਂ 8-ਟਰੈਕ ਟੇਪਾਂ ਵੀ ਮਿਲਦੀਆਂ ਹਨ।

ਹੋਰ ਜਾਣਕਾਰੀ ਲਈ
ਦਰਸ਼ਨ ਦਿਓ ਜਾਂ ਫ਼ੋਨ ਕਰੋ!

**588-4911**

# WATNO DŪR
**14768 HALSTEAD PLACE**
**SURREY, B.C. , V3R 6S5**

**VOL. 5, NO. 51, SEPTEMBER, 77**
**2nd Class Mail Reg. No. 3233**

**ANNUAL SUBSCRIPTION:**

| | | |
|---|---|---|
| CANADA-U.S.A. | | $5.00 |
| OTHER | SEA | $5.00 |
| COUNTRIES | AIR | $8.00 |



**EDITORIAL BOARD:**
Surinder Dhanjal
Ajmer Rodey, 438-7793
Amarjit Chahal, 892-3085

**EDITOR:**
Sadhu, 437-9014

**ADVERTISING EDITORS:**
Rupinder Azad M.A., 430-1924
Karamjit Ghuman, 324-0147

**PUBLISHER:**
Tara Singh Mayer, 584-3714

**CIRCULATION BOARD:**
Iqbal Ramuwalia, Toronto (741-7538)
Sarwan Boal, Montreal (679-8132)
Latt Bhinder, Edmonton (462-6431)
Gurcharan Tallewalia, Richmond (271-4742)
K. S. Chaman, Calgary (248-2841)
Dave Jatana, Fort Nelson (774-2219)
Harnek Mann, Pr. George (564-6245)
G. S. Bains, Williams Lake (392-3698)
J. S. Aulakh, Mission (826-4888)
Avtar Rodey, Quesnel (992-7578)
Jasbir Chahal, Victoria (385-4996)

*All officeholders and members of WATNO DUR ADMINISTRATION BOARD past and present have been and are honorary associates of WATNO DUR.*

ਵਤਨੋਂ ਦੂਰ ਵਿਚ ਛਪੀਆਂ ਰਚਨਾਵਾਂ ਨਾਲ ਵਤਨੋਂ ਦੂਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ। ਵਿਚਾਰ ਲੇਖਕਾਂ ਦੇ ਆਪਣੇ ਹਨ।


## • ਇਸ ਅੰਕ ਵਿਚ:


**ਕਹਾਣੀਆਂ:**
ਦੇਵਿੰਦਰ ਦੀਦਾਰ 14
ਕਰਮਜੀਤ ਘੁਮਾਣ 31
ਜੋਗਿੰਦਰ ਸਿੰਘ ਨਿਰਾਲਾ 35

**ਲੇਖ:**
ਪ੍ਰੇਮ ਸਿੰਘ 8
ਪ੍ਰੋ: ਅਜਮੇਰ ਸਿੰਘ ਔਲਖ 26
ਉੱਜਲ ਦੋਸਾਂਝ 34

**ਸਥਾਈ ਕਾਲਮ:**
ਇੰਞ ਵੀ ਹੁੰਦਾ ਹੈ 32
ਦਰਪਣ 33

**ਕਵਿਤਾ:**
ਸੁਰਿੰਦਰ ਧੰਜਲ 19
ਮਾਓ-ਜ਼ੇ-ਤੁੰਗ 20
ਅਜਮੇਰ ਰੋਡੇ 23
ਇਕਬਾਲ ਰਾਮੂਵਾਲੀਆ 23
ਜਰਨੈਲ ਸਿੰਘ 24
ਕੇਸਰ ਸਿੰਘ 24
ਪ੍ਰਮਾਤਮਾ ਪਾਰਸ 25
ਫ਼ਰਾਜ਼ ਸਦੀਕੀ 25


## • ਕੈਨੇਡੀਅਨ ਪੰਜਾਬੀ ਕਹਾਣੀ-ਅੰਕ

ਜਨਵਰੀ 1978 ਦਾ 'ਵਤਨੋਂ ਦੂਰ' ਕੈਨੇਡੀਅਨ ਪੰਜਾਬੀ ਕਹਾਣੀ ਅੰਕ ਹੋਵੇਗਾ। ਕੈਨੇਡਾ ਵਿਚ ਵਸਦੇ ਪੰਜਾਬੀ ਕਹਾਣੀਕਾਰਾਂ ਨੂੰ ਬੇਨਤੀ ਹੈ ਕਿ ਆਪਣੀਆਂ ਰਚਨਾਵਾਂ ਅਕਤੂਬਰ 1977 ਦੇ ਅਖ਼ੀਰ ਤੱਕ ਅੱਪੜਦੀਆਂ ਕਰ ਦੇਣ ਤਾਂ ਕਿ ਅਸੀਂ ਸਮੇਂ ਸਿਰ ਕੰਪੋਜ਼ ਕਰਾ ਸਕੀਏ। ਰਚਨਾ ਭੇਜਣ ਸਮੇਂ ਇਹ ਖ਼ਾਸ ਖ਼ਿਆਲ ਰੱਖਿਆ ਜਾਵੇ ਕਿ ਉਹ ਪਹਿਲਾਂ ਕਿਤੇ ਵੀ ਛਪੀ ਹੋਈ ਨਾ ਹੋਵੇ। ਇਸ ਅੰਕ ਵਿੱਚ ਅਸੀਂ ਕੇਵਲ ਅਣ-ਛਪੀਆਂ ਕਹਾਣੀਆਂ ਹੀ ਛਾਪ ਸਕਾਂਗੇ।

# ਜਿਸ ਧਜ ਸੇ ਕੋਈ ਮਕਤਿਲ ਮੇਂ ਗਿਆ

ਪਰੇਮ ਸਿੰਘ



ਬਾਬਾ ਗੁਰਮੁਖ ਸਿੰਘ ਜੀ

ਅੱਧੀਂ ਸਦੀ ਪਹਿਲਾਂ ਦੀ ਗੱਲ ਹੈ । ਇਕ ਨੌਜਵਾਨ ਉਮਰ-ਕੈਦੀ ਰਾਤ ਦੇ ਹਨੇਰੇ ਵਿਚ ਬੇੜੀਆਂ ਸਮੇਤ ਚਲਦੀ ਗੱਡੀ ਵਿਚੋਂ ਛਾਲ ਮਾਰ ਕੇ ਫ਼ਰਾਰ ਹੋ ਗਿਆ ਸੀ । ਚਾਰ ਸਿਪਾਹੀਆਂ ਦੀ ਗਾਰਦ ਸੁੱਤੀ ਰਹਿ ਗਈ ਸੀ । ਕੈਦੀ ਨੇ, ਹੱਥਕੜੀਆਂ ਕਿਸੇ ਜੁਗਤ ਨਾਲ ਖੋਲ ਲਈਆਂ ਸਨ । ਜਿੱਥੇ ਉਸ ਨੇ ਛਾਲ ਮਾਰੀ ਉਹ ਥਾਂ ਪਥਰੀਲੀ ਸੀ ਅਤੇ ਉਸ ਦੇ ਚਾਰੇ ਪਾਸੇ ਸੰਘਣਾ ਜੰਗਲ । ਕੈਦੀ ਨੂੰ ਕੁਝ ਸੱਟਾਂ ਲੱਗੀਆਂ ਸਨ, ਪਰ ਜਵਾਨੀ ਦੇ ਜੋਸ਼ ਅਤੇ ਕੈਦ ਤੋਂ ਆਜ਼ਾਦੀ ਦੀ ਖ਼ੁਸ਼ੀ ਕਾਰਨ ਉਸ ਨੂੰ ਕੋਈ ਪਰਵਾਹ ਨਹੀਂ ਸੀ । ਉਸ ਨੇ ਪੱਥਰਾਂ ਦੀ ਮਦਦ ਨਾਲ ਆਪਣੀਆਂ ਬੇੜੀਆਂ ਦੀਆਂ ਰਿਵਟਾਂ ਕੱਢ ਦਿੱਤੀਆਂ ਅਤੇ ਜੰਗਲ ਪਾਰ ਕੀਤਾ । ਦਿਨ ਚੜ੍ਹਦੇ ਨੂੰ ਉਸ ਨੇ ਵੇਖਿਆ ਕਿ ਲੋਕਾਂ ਦੀਆਂ ਵਹੀਰਾਂ ਕਿਸੇ ਮੇਲੇ ਲਈ ਤੁਰੀਆਂ ਜਾ ਰਹੀਆਂ ਸਨ । ਉਹ ਉਨ੍ਹਾਂ ਵਿਚ ਰਲ ਗਿਆ । ਮੇਲੇ ਵਾਲੀ ਥਾਂ ਪੁਜ ਕੇ ਉਸ ਨੇ ਆਪਣੇ ਕੇਸ ਕਟਾਏ ਅਤੇ ਨਵੇਂ ਭੇਸ ਵਿਚ ਗੁਰਦਵਾਰਾ ਨੰਦੇੜ ਪਹੁੰਚ ਕੇ ਆਪਣੇ ਕਿਸੇ ਵਾਕਫ਼ਕਾਰ ਦੀ ਮਦਦ ਨਾਲ ਵਾਪਸ ਪੰਜਾਬ ਆਉਣ ਦਾ ਪਰਬੰਧ ਕੀਤਾ । ਪੁਲੀਸ ਨੇ ਉਸ ਦੀ ਭਾਲ ਵਿਚ ਪੱਤਾ ਪੱਤਾ ਫਲ ਮਾਰਿਆ । ਤੇਰਾਂ ਸਾਲਾਂ ਦਾ ਲੰਮਾ ਅਰਸਾ ਉਹ ਪੁਲੀਸ ਦੇ ਹੱਥ ਨਾ ਆਇਆ ।

ਇਹ ਘਟਨਾ ੧੯੨੩ ਦੀ ਹੈ । ਇਹ ਕੈਦੀ ਸੀ ਗ਼ਦਰ ਪਾਰਟੀ ਦਾ ਸਿਰਲੱਥ ਆਗੂ ਗੁਰਮਖ ਸਿੰਘ । ਆਜ਼ਾਦੀ ਦੀ ਲਹਿਰ ਵਿਚ ਗ਼ਦਰ ਪਾਰਟੀ ਦੇ ਸੂਰਮੇ ਬਾਬਿਆਂ ਦੇ ਨਾਂਅ ਨਾਲ ਪਰਸਿਧ ਹੋਏ ਹਨ । ਇਹ ਦਲੇਰਾਨਾ ਫ਼ਰਾਰੀ ਨਾਗਪੁਰ ਰੇਲਵੇ ਸਟੇਸ਼ਨ ਤੋਂ ਕੁਝ ਮੀਲਾਂ ਉਤੇ ਹੋਈ ਸੀ । ਗੁਰਮੁਖ ਸਿੰਘ ਜੀ ਨੂੰ ਅੰਡੇਮਾਨ (ਕਾਲੇ ਪਾਣੀ) ਜੇਲ ਤੋਂ ਅਕੋਲਾ (ਮਹਾਰਾਸ਼ਟਰ) ਜੇਲ ਵਿਚ ਤਬਦੀਲ ਕੀਤਾ ਜਾ ਰਿਹਾ ਸੀ ।

ਦੇਸ਼ ਦੀ ਆਜ਼ਾਦੀ ਅਤੇ ਲੋਕਾਂ ਦੀ ਖ਼ੁਸ਼ਹਾਲੀ ਲਈ ਤਕਰੀਬਨ ਸੱਠ ਸਾਲ ਅਣਥਕ ਸੰਘਰਸ਼ ਕਰਨ ਤੋਂ ਬਾਅਦ ਹੁਣ ਬਿਰਧ ਅਵਸਥਾ ਵਿਚ ਬਾਬਾ ਗੁਰਮੁਖ ਸਿੰਘ ਨੇ ਜਲੰਧਰ ਵਿਚਲੀ ਦੇਸ਼ ਭਗਤ ਯਾਦਗਾਰ ਨੂੰ ਜ਼ਿੰਦਗੀ ਦਾ ਅਖੀਰਲਾ ਪੜਾਅ ਬਣਾ ਲਿਆ ਹੈ । ਉਹ ਇਕ ਨਿੱਕੇ, ਹਨੇਰੇ ਕਮਰੇ ਵਿਚ ਆਮ ਤੌਰ ਉਤੇ ਲੇਟੇ ਰਹਿੰਦੇ ਹਨ । ਸਵੇਰੇ ਅਖ਼ਬਾਰਾਂ ਉਤੇ ਸਰਸਰੀ ਨਜ਼ਰ ਮਾਰਦੇ ਹਨ । ਸਰੀਰ ਠੀਕ ਹੋਵੇ ਤਾਂ ਸਿਆਲ ਦੀ ਧੁੱਪ ਵਿਚ ਕੁਝ ਦੇਰ ਕੁਰਸੀ ਉਤੇ ਬੈਠਦੇ ਹਨ । ਸ਼ਾਮ ਨੂੰ ਥੋੜੀ ਸੈਰ ਕਰ ਲੈਂਦੇ ਹਨ । ਗਰਮੀਆਂ ਆਉਣ ਉਤੇ ਆਪਣ ਪੁਰਾਣੇ ਸਨੇਹੀ ਡਾਕਟਰ ਰਣ ਸਿੰਘ ਪਾਸ ਚੰਡੀਗੜ੍ਹ ਚਲੇ ਜਾਂਦੇ ਹਨ । ਚੰਡੀਗੜ੍ਹ ਦੀ ਸਫ਼ਾਈ, ਚੰਗਾ ਪੌਣ-ਪਾਣੀ ਅਤੇ ਸੈਰ ਕਰਨ ਲਈ ਮੋਕਲੀ ਥਾਂ ਉਨ੍ਹਾਂ ਨੂੰ ਬਹੁਤ ਪਸੰਦ ਹਨ ।

ਪੰਜਾਬ ਦੀ ਇਨਕਲਾਬੀ ਅਤੇ ਕਮਿਊਨਿਸਟ ਲਹਿਰ ਵਿਚ ਬਾਬਾ ਗੁਰਮੁਖ ਸਿੰਘ ਦਾ ਨਾਂ ਬਹੁਤ ਉੱਚਾ ਹੈ । ਉਨ੍ਹਾਂ ਦੀ ਜ਼ੋਰਦਾਰ ਸ਼ਖ਼ਸੀਅਤ ਲੰਮਾ ਸਮਾਂ ਇਸ ਲਹਿਰ ਉਤੇ ਛਾਈ ਰਹੀ ਹੈ । ਹਜ਼ਾਰਾਂ ਨੌਜਵਾਨਾਂ ਨੇ ਉਨ੍ਹਾਂ ਦੀ ਦੇਸ਼-ਭਗਤੀ, ਦਰਿੜ੍ਹਤਾ, ਬੇਖ਼ੌਫ਼ੀ ਤੋਂ ਪਰੇਰਣਾ ਲਈ ਹੈ । ਕਮਿਉਨਿਸਟ ਲਹਿਰ ਤੋਂ ਉਪਰੰਤ ਪੰਜਾਬ ਦੇ ਕਾਂਗਰਸੀਆਂ ਅਤੇ ਹੋਰ ਸਿਆਸੀ ਹਲਕਿਆਂ ਨੇ ਵੀ ਉਨ੍ਹਾਂ ਦੀ ਕੁਰਬਾਨੀ ਲਈ ਉਨ੍ਹਾਂ ਨੂੰ ਸਲਾਹਿਆ ਅਤੇ ਸਤਿਕਾਰਿਆ ਹੈ ।

ਉਨ੍ਹਾਂ ਦੇ ਜੀਵਨ ਵਿਚ ਪੁਲਸ ਨਾਲ ਟੱਕਰਾਂ, ਗਰਿਫ਼ਤਾਰੀਆਂ, ਜੇਲ੍ਹਾਂ ਵਿਚ ਭੁੱਖ-ਹੜਤਾਲਾਂ, ਹਰਾਸਤ ਵਿਚੋਂ ਫ਼ਰਾਰੀਆਂ ਅਤੇ ਗੁਪਤਵਾਸ ਦੀਆਂ ਖ਼ਤਰਿਆਂ-ਭਰਪੂਰ ਦਿਲਚਸਪ ਘਟਨਾਵਾਂ ਏਨੀਆਂ ਹਨ ਕਿ ਇਹ ਸਭ ਕੁਝ ਇਕ ਅਤੀ ਰੌਚਕ ਅਤੇ ਜਾਨਦਾਰ ਨਾਵਲ ਦਾ ਮਸਾਲਾ ਬਣ ਸਕਦਾ ਹੈ ਜਿਹੜਾ ਇਕ ਜੁਝਾਰ ਇਨਕਲਾਬੀ ਦੀ

ਆਪਣੀ ਦੁਨੀਆਂ ਦਾ ਪ੍ਰਤੀਬਿੰਬ ਹੋਣ ਤੋਂ ਉਪਰੰਤ ਸਾਡੇ ਆਜ਼ਾਦੀ ਦੇ ਸੰਗਰਾਮ ਦਾ ਇਕ ਵਧੀਆ ਇਤਿਹਾਸ ਵੀ ਹੋ ਸਕਦਾ ਹੈ। ਬਾਬਾ ਜੀ ਨੇ ਖ਼ੁਦ ਆਪਣੇ ਜੀਵਨ ਬਾਰੇ ਕੁਝ ਲਿਖਿਆ ਨਹੀਂ । ਇਨਕਲਾਬੀਆਂ ਵਿਚ ਆਪਣੀਆਂ ਸਰਗਰਮੀਆਂ ਬਾਰੇ ਜ਼ਾਤੀ ਰੀਕਾਰਡ ਰਖਣ ਦੀ ਵੈਸੇ ਵੀ ਮਨਾਹੀ ਹੁੰਦੀ ਹੈ । ਪਰ ਆਜ਼ਾਦੀ ਆਉਣ ਤੋਂ ਬਾਅਦ ਕਮਿਊਨਿਸਟ ਲਹਿਰ ਦੇ ਖੁਲ੍ਹੀ ਸਰਗਰਮੀ ਦੇ ਦੌਰ ਵਿਚ ਵੀ ਬਾਬਾ ਜੀ ਨੇ ਆਪਣੇ ਜੀਵਨ ਬਾਰੇ ਕੁਝ ਕਹਿਣੋਂ ਇਨਕਾਰ ਹੀ ਕੀਤਾ ਹੈ । ਜਿਸ ਕਿਸੇ ਨੇ ਵੀ ਲਿਖਣ ਦੇ ਮੰਤਵ ਨਾਲ, ਉਨ੍ਹਾਂ ਨੂੰ, ਉਨ੍ਹਾਂ ਦੇ ਜੀਵਨ ਦੇ ਹਾਲਾਤ ਪੁੱਛੇ ਹਨ, ਉਸ ਨੂੰ, ਆਮ ਤੌਰ ਉਤੇ ਉਨ੍ਹਾਂ ਨੇ ਜੀਵਨੀਆਂ ਲਿਖਣ-ਲਿਖਾਣ ਦੇ ਕੰਮ ਦੀ ਵਿਅਰਥਤਾ ਬਾਰੇ ਹੀ ਆਪਣੀ ਤਿੱਖੀ ਰਾਏ ਪਰਗਟ ਕੀਤੀ ਹੈ। ਇਹ ਗੱਲ ਸੰਕੇਤਕ ਹੈ। ਪੰਜਾਬੀ ਇਨਕਲਾਬੀਆਂ ਦਾ ਇਹ ਇਕ ਲੱਛਣ ਰਿਹਾ ਹੈ ਕਿ ਉਹ ਇਤਿਹਾਸ ਦੇ ਵਧੀਆ ਪਾਤਰ ਹੁੰਦੇ ਹੋਏ ਵੀ, ਇਤਿਹਾਸ ਜਿਉਣ ਅਤੇ ਰਚਣ ਨੂੰ ਹੀ ਮਹੱਤਤਾ ਦੇਂਦੇ ਰਹੇ ਹਨ, ਇਤਿਹਾਸ ਲਿਖਣ ਨੂੰ ਜਾਂ ਇਸ ਕੰਮ ਵਿਚ ਸਹਾਇਤਾ ਦੇਣ ਨੂੰ ਉਨ੍ਹਾਂ ਘੱਟ ਹੀ ਗੌਲਿਆ ਹੈ।

ਗੁਰਮੁਖ ਸਿੰਘ ਜੀ ਦਾ ਰਾਜਸੀ ਜੀਵਨ ਪਰਸਿਧ ਕੋਮਾਗਾਟਾ ਮਾਰੂ ਦੇ ਸਫ਼ਰ ਨਾਲ ਰੰਭ ਹੋਇਆ ਸੀ। ਉਹ ਇਸ ਜਹਾਜ਼ ਉਤੇ ਮਾਰਚ ੧੯੧੪ ਵਿਚ ਹਾਂਗਕਾਂਗ ਤੋਂ ਸਵਾਰ ਹੋਏ ਸਨ। ਇਸ ਦੇ ਮੁਸਾਫ਼ਰ ਭਾਰਤ ਅੰਦਰਲੀ ਆਰਥਕ ਮੰਦਹਾਲੀ ਤੋਂ ਤੰਗ ਆਏ ਅਤੇ ਰੁਜ਼ਗਾਰ ਦੀ ਭਾਲ ਵਿਚ ਨਿਕਲੇ ਹਿੰਦੁਸਤਾਨੀ, ਵਧੇਰੇ ਕਰ ਕੇ ਪੰਜਾਬੀ ਨੌਜਵਾਨ ਹੀ ਸਨ। ਇਹ ਜਹਾਜ਼ ਮਈ ਵਿਚ ਵੈਨਕੋਵਰ (ਕੈਨੇਡਾ) ਪੁੱਜਾ ਸੀ। ਕੈਨੇਡਾ ਸਰਕਾਰ ਨੇ ਹਿੰਦੁਸਤਾਨੀਆਂ ਨੂੰ ਆਪਣੀ ਧਰਤੀ ਉਤੇ ਉਤਰਨ ਨਹੀਂ ਦਿਤਾ ਸੀ। ਜਹਾਜ਼ ਦੇ ਕੈਨੇਡਾ ਪੁੱਜਣ ਤੋਂ ਪਹਿਲਾਂ ਗ਼ਦਰ ਪਾਰਟੀ ਕਾਇਮ ਹੋ ਚੁਕੀ ਸੀ ਅਤੇ ਇਸ ਦੀ ਕੈਨੇਡਾ ਸ਼ਾਖ਼ ਨੇ ਇਸ ਜਹਾਜ਼ ਦੀ ਉਤਸੁਕਤਾ ਨਾਲ ਉਡੀਕ ਕੀਤੀ ਸੀ। ਗ਼ਦਰ ਪਾਰਟੀ ਨੇ ਕੈਨੇਡਾ ਅਤੇ ਅਮਰੀਕਾ ਵਿਚ ਕੋਮਾਗਾਟਾ ਮਾਰੂ ਦੇ ਮੁਸਾਫ਼ਰਾਂ ਨਾਲ ਹੁੰਦੀਆਂ ਜ਼ਿਆਦਤੀਆਂ ਵਿਰੁਧ ਤਕੜਾ ਰੋਸ ਕੀਤਾ । ਕੈਨੇਡਾ ਸਰਕਾਰ ਨੇ ਜੁਲਾਈ ਮਹੀਨੇ ਵਿਚ ਜਹਾਜ਼ ਨੂੰ ਕੈਨੇਡਾ ਦੇ ਪਾਣੀਆਂ ਵਿਚੋਂ ਬਾਹਰ ਚਲੇ ਜਾਣ ਦਾ ਹੁਕਮ ਦਿਤਾ ਸੀ । ਇਸ ਉਤੇ ਕੈਨੇਡਾ ਦੀ ਪੁਲੀਸ ਅਤੇ ਅਧਿਕਾਰੀਆਂ ਨਾਲ ਭਾਰਤੀ ਮੁਸਾਫ਼ਰਾਂ ਦੀ ਟੱਕਰ ਹੋ ਗਈ। ਨਤੀਜੇ ਵਜੋਂ ਪੁਲਸ ਨੂੰ ਪਿੱਛੇ ਹਟਣਾ ਪਿਆ, ਪਰ ਕੈਨੇਡਾ ਦੀ ਧਰਤੀ ਉਤੇ ਉਤਰ ਸਕਣਾ ਮੁਸਾਫ਼ਰਾਂ ਲਈ ਅਸੰਭਵ ਸੀ ਕਿਉਂਕਿ ਕੈਨੇਡਾ ਸਰਕਾਰ ਇਮੀਗਰੇਸ਼ਨ ਬਾਰੇ ਜ਼ਰਾ ਜਿੰਨੀ ਵੀ ਨਰਮਾਈ ਅਖ਼ਤਿਆਰ ਕਰਨ ਨੂੰ ਤਿਆਰ ਨਹੀਂ ਸੀ । ਆਖ਼ਰ ਜਹਾਜ਼ ਵਾਪਸ ਮੁੜਿਆ, ਪਰ ਇਸ ਸਮੇਂ ਵਿਚ ਇਸ ਦੇ ਮੁਸਾਫ਼ਰਾਂ ਅੰਦਰ ਦੇਸ਼ ਦੀ ਗ਼ੁਲਾਮੀ ਬਾਰੇ ਤਿੱਖੀ ਚੇਤਨਾ ਭੜਕ ਉਠੀ ਸੀ। ਉਨ੍ਹਾਂ ਨਾਲ ਕੀਤੇ ਗਏ ਸਲੂਕ ਦਾ ਕਾਰਨ ਆਖ਼ਰ ਉਨ੍ਹਾਂ ਦੀ ਗ਼ੁਲਾਮੀ ਹੀ ਤਾਂ ਸੀ। ਉਪਰੰਤ ਮੁੜਦੇ ਜਹਾਜ਼ ਨੂੰ ਅੰਗਰੇਜ਼ੀ ਰਾਜ ਦੇ ਘਾਟਾਂ, ਹਾਂਗ ਕਾਂਗ, ਸਿੰਘਾਪੁਰ ਪੀਨਾਂਗ ਅਤੇ ਰੰਗੂਨ ਵਿਚ ਲੱਗਣ ਨਹੀਂ ਦਿਤਾ ਗਿਆ ਸੀ। ਘਟਨਾਵਾਂ ਨੇ ਜਹਾਜ਼ੀ ਮੁਸਾਫ਼ਰਾਂ ਅੰਦਰ ਤਕੜੇ ਰੋਸ ਦੀ ਭਾਵਨਾ ਪੈਦਾ ਕਰ ਦਿਤੀ ਸੀ। ਉਹ ਆਪਣੀਆਂ ਜਾਇਦਾਦਾਂ ਵੇਚ ਕੇ ਰੁਜ਼ਗਾਰ ਲਈ ਨਿਕਲੇ ਸਨ । ਕੈਨੇਡਾ ਸਰਕਾਰ ਨੇ ਉਨ੍ਹਾਂ ਨਾਲ ਵਿਤਕਰਾ ਕੀਤਾ ਅਤੇ ਹੁਣ ਅੰਗਰੇਜ਼ ਸਰਕਾਰ ਉਨ੍ਹਾਂ ਨਾਲ ਵੈਰੀਆਂ ਵਾਲਾ ਸਲੂਕ ਕਰ ਰਹੀ ਸੀ । ਕੈਨੇਡਾ ਦੇ ਸਾਹਿਲ ਉਤੇ ਰੁਕਣ ਸਮੇਂ ਅਤੇ ਬਾਅਦ ਵਿਚ, ਗ਼ਦਰ ਪਾਰਟੀ ਵਲੋਂ ਕੀਤੇ ਗਏ ਪਰਚਾਰ ਦਾ ਸਦਕਾ, ਇਹ ਹਿੰਦੁਸਤਾਨੀ ਆਪਣੇ ਹੱਕਾਂ ਲਈ ਅਤੇ ਦੇਸ ਦੀ ਆਜ਼ਾਦੀ ਲਈ ਜਾਨਾਂ ਵਾਰਨ ਨੂੰ ਤਿਆਰ ਹੋ ਗਏ ਸਨ। ਜਹਾਜ਼ ਦੇ ਯੋਕੋਹਾਮਾ ਪਹੁੰਚਣ ਤੋਂ ਪਹਿਲਾਂ ੪ ਅਗਸਤ ਨੂੰ ਪਹਿਲੀ ਸੰਸਾਰ ਜੰਗ ਛਿੜ ਪਈ । ਗ਼ਦਰ ਪਾਰਟੀ ਨੇ ਬਗ਼ਾਵਤ ਜਥੇਬੰਦ ਕਰਨ ਲਈ ਜਿਸ ਘੜੀ ਦੀ ਉਡੀਕ ਕੀਤੀ ਸੀ, ਉਹ ਆ ਪੁੱਜੀ ਸੀ। ਏਧਰ ਬਰਤਾਨਵੀ ਹਕੂਮਤ ਦੇਸ ਪਰਤਦੇ ਕੋਮਾਗਾਟਾ ਮਾਰੂ ਦੇ ਮੁਸਾਫ਼ਰਾਂ ਨੂੰ ਸਬਕ ਸਿਖਾਉਣ ਦੀਆਂ ਤਿਆਰੀਆਂ ਕਰ ਰਹੀ ਸੀ । ਕਲਕੱਤੇ ਦੇ ਬਜਬਜ ਘਾਟ ਉਤੇ ਜਹਾਜ਼ ਦੀ ਤਲਾਸ਼ੀ ਲੈਣ ਅਤੇ ਕੋਈ ਇਕ ਹਥਿਆਰ ਵੀ ਬਰਾਮਦ ਨਾ ਹੋਣ ਦੇ ਬਾਵਜੂਦ, ਅੰਗਰੇਜ਼ੀ ਰਾਜ ਦੀ ਪੁਲੀਸ ਨੇ ੨੯ ਸਤੰਬਰ ਨੂੰ ਮੁਸਾਫ਼ਰਾਂ ਦੇ ਗਰੁਪ ਉਤੇ ਗੋਲੀ ਚਲਾ ਦਿਤੀ । ਨਤੀਜੇ ਵਜੋਂ ੧੯ ਮੁਸਾਫ਼ਰ ਮਾਰੇ ਗਏ ਅਤੇ ੨੨ ਸਖ਼ਤ ਜ਼ਖ਼ਮੀ ਹੋਏ। ੯੧ ਗਰਿਫ਼ਤਾਰ ਕਰ ਲਏ ਗਏ।

ਕੋਮਾਗਾਟਾ ਮਾਰੂ ਤੋਂ ਬਾਅਦ ਕਈ ਹੋਰ ਜਹਾਜ਼ਾਂ ਵਿਚ ਗ਼ਦਰ ਪਾਰਟੀ ਦੇ ਮੈਂਬਰ ਭਾਰਤ ਪੁੱਜੇ। ਉਸ ਸਮੇਂ ਦੇ ਸਰਕਾਰੀ ਰੀਕਾਰਡ ਅਨੁਸਾਰ ੧੫ ਫ਼ਰਵਰੀ ੧੯੧੫ ਤਕ ੩੧੨੫ ਭਾਰਤੀ ਇਨਕਲਾਬੀਆਂ ਦੀ ਤਫ਼ਤੀਸ਼ ਪੰਜਾਬ ਪੁਲੀਸ ਨੇ ਕੀਤੀ। ਇਨ੍ਹਾਂ ਵਿਚੋਂ ੧੯੯ ਨੂੰ ਜੇਲ੍ਹਾਂ ਵਿਚ ਰਖਿਆ ਗਿਆ, ੭੦੪ ਨੂੰ ਉਨ੍ਹਾਂ ਦੇ ਪਿੰਡਾਂ ਵਿਚ ਬੰਦ ਕੀਤਾ ਗਿਆ ਅਤੇ ਬਾਕੀਆਂ ਨੂੰ ਛੱਡ ਦਿਤਾ ਗਿਆ ਸੀ। ਪਰ ਇਸ ਸਾਰੀ ਪੁੱਛ-ਪੜਤਾਲ ਅਤੇ ਕਾਰਵਾਈ ਦੇ ਬਾਵਜੂਦ ਕਰਤਾਰ ਸਿੰਘ ਸਰਾਭਾ, ਗੁਰਮੁਖ ਸਿੰਘ, ਨਿਧਾਨ ਸਿੰਘ ਚੁੱਘਾ, ਹਰਨਾਮ ਸਿੰਘ "ਟੁੰਡੀਲਾਟ", ਪਰਮਾਨੰਦ ਝਾਂਸੀ, ਪੰਡਤ ਜਗਤ ਰਾਮ, ਪਰਿਥਵੀ ਸਿੰਘ ਲਾਲੜੂ, ਗੁਜਰ ਸਿੰਘ ਭਕਨਾ, ਜਗਤ ਸਿੰਘ ਸੁਰਸਿੰਘ, ਜੀਵਨ ਸਿੰਘ, ਰਹਿਮਤ ਅਲੀ, ਹਾਫ਼ਿਜ਼ ਅਬਦੁੱਲਾ ਅਤੇ ਬੀਬੀ ਗੁਲਾਬ ਕੌਰ, ਜਿਹੜੇ ਗ਼ਦਰ ਪਾਰਟੀ ਲੀਡਰਸ਼ਿਪ ਦਾ ਤਕੜਾ ਹਿਸਾ ਸਨ, ਪੁਲੀਸ ਦੀਆਂ ਨਜ਼ਰਾਂ ਤੋਂ ਬਚ ਕੇ ਗ਼ਦਰ ਦੀਆਂ ਤਿਆਰੀਆਂ ਵਿਚ ਰੁੱਝੇ ਹੋਏ ਸਨ।

ਗੁਰਮੁਖ ਸਿੰਘ ਅਤੇ ਊਧਮ ਸਿੰਘ ਜ਼ਿੰਮੇ ਕੰਮ ਇਹ ਲਾਇਆ ਗਿਆ ਕਿ ਉਹ ਇਸ ਗੱਲ ਦਾ ਜਾਇਜ਼ਾ ਲੈਣ ਕਿ ਗ਼ਦਰ ਅਰੰਭ ਹੋ ਜਾਣ ਦੀ ਸੂਰਤ ਵਿਚ ਰਾਵਲਪਿੰਡੀ, ਜੇਹਲਮ, ਹੋਤੀ ਮਰਦਾਨ ਅਤੇ ਪੇਸ਼ਾਵਰ ਦੀਆਂ ਛਾਉਣੀਆਂ ਵਿਚੋਂ ਕਿੰਨੀ ਸਹਾਇਤਾ ਮਿਲ ਸਕਦੀ ਹੈ । ਗੁਰਮੁਖ ਸਿੰਘ ਜੀ ਦੇ ਪਹਿਲਾਂ ਰੀਕਾਰਡ ਕੀਤੇ ਗਏ ਇਕ ਬਿਆਨ ਅਨੁਸਾਰ ਉਨ੍ਹਾਂ ਇਹ ਰੀਪੋਰਟ ਕੀਤੀ ਕਿ ਇਨ੍ਹਾਂ ਫ਼ੌਜਾਂ ਵਿਚ ਬਗ਼ਾਵਤ ਹੋ ਜਾਵੇਗੀ ਜੇਕਰ ਮੁਖੀ ਕੇਂਦਰਾਂ ਵਿਚ ਪਹਿਲਾਂ ਅਰੰਭ ਹੋ ਜਾਵੇ। ਉਨ੍ਹਾਂ ਦਸਿਆ : "ਕੋਸ਼ਿਸ਼ ਕੀਤੀ ਗਈ ਕਿ ਲਾਹੌਰ ਅਤੇ ਫ਼ੀਰੋਜ਼ਪੁਰ ਦੀਆਂ ਮੁਖੀ ਛਾਉਣੀਆਂ ਵਿਚ ਬਗ਼ਾਵਤ ਕਰਵਾ ਦਿਤੀ ਜਾਵੇ । ਇਹ ਸਾਡੀ ਦੂਜੀ ਕੋਸ਼ਿਸ਼ ਸੀ । ਪਹਿਲਾ ਯਤਨ ਅਸੀਂ ੨੬ ਨਵੰਬਰ ਨੂੰ ਕਰ ਚੁੱਕੇ ਸਾਂ ਅਤੇ ਅਸਫਲ ਰਹੇ ਸਾਂ । ਦੂਜੀ ਵਾਰ ੨੧ ਫ਼ਰਵਰੀ ੧੯੧੫ ਦੀ ਤਾਰੀਖ਼ ਨੀਯਤ ਕੀਤੀ ਗਈ । ਊਧਮ ਸਿੰਘ ਹਾਂਸ ਕਰਤਾਰ ਸਿੰਘ ਸਰਾਭਾ ਅਤੇ ਮੇਰੇ ਜ਼ਿੰਮੇ ਦੋਰਾਹਾ ਦੇ ਰੇਲਵੇ ਪੁਲ ਨੂੰ ਉਡਾਉਣ ਦਾ ਕੰਮ ਲੱਗਾ ਸੀ। ਸਾਡਾ ਅੰਦਾਜ਼ਾ ਸੀ ਕਿ ਜੇਕਰ ਇਹ ਪੁਲ ਉਡਾ ਦਿਤਾ ਜਾਵੇ ਤਾਂ ਪੰਜਾਬ ਅਤੇ ਸੂਬਾ ਸਰਹੱਦ ਉਤਰੀ ਭਾਰਤ ਦੀਆਂ ਬਾਕੀ ਛਾਉਣੀਆਂ ਨਾਲੋਂ ਕੱਟੇ ਜਾਣਗੇ ਅਤੇ ਲਾਹੌਰ ਅਤੇ ਫ਼ੀਰੋਜ਼ਪੁਰ ਦੀਆਂ ਛਾਉਣੀਆਂ ਨੂੰ ਕੁਮਕ ਨਹੀਂ ਪੁੱਜ ਸਕੇਗੀ। ਅਸਾਂ ਦੋਰਾਹਾ ਦੇ ਪੁਲ ਦੀ ਰੇਲਵੇ ਪੁਲੀਸ ਚੌਂਕੀ ਉਤੇ ਹਮਲਾ ਕਰ ਕੇ ਉਨ੍ਹਾਂ ਦੇ ਹਥਿਆਰ ਖੋਹ ਲੈਣੇ ਸਨ ਅਤੇ ਪੁਲ ਨੂੰ ਬੰਬ ਨਾਲ ਉਡਾ ਦੇਣਾ ਸੀ। ਅਸੀਂ ਨੀਯਤ ਵਕਤ ਉਤੇ ਪੁਲ ਦੇ ਨੇੜੇ ਪੁੱਜੇ ਅਤੇ ਹਮਲੇ ਲਈ ਪੁਜ਼ੀਸ਼ਨਾਂ ਲੈ ਲਈਆਂ। ਆਪਣੇ ਇਕ ਸਾਥੀ ਨੂੰ ਅਸਾਂ ਪੁਲ ਵਲ ਭੇਜਿਆ ਕਿ ਉਹ ਗਾਰਦ ਦੀ ਪੁਜ਼ੀਸ਼ਨ ਦਾ ਅਨੁਮਾਨ ਲਾਵੇ। ਉਸ ਆ ਕੇ ਦਸਿਆ ਕਿ ਪੁਲ ਦੀ ਰਾਖੀ ਲਈ ਕਦੇ ਵੀ ਏਡੀ ਵੱਡੀ ਫ਼ੌਜੀ ਗਾਰਦ ਨਹੀਂ ਲੱਗੀ ਅਤੇ ਗਾਰਦ ਦੇ ਸੱਭੇ ਸਿਪਾਹੀ ਇਕਦਮ ਚੌਕਸ ਹਨ। ਅਸਾਂ ਪੁਲ ਉਡਾਉਣ ਦਾ ਖ਼ਿਆਲ ਛੱਡ ਦਿਤਾ ਅਤੇ ਫ਼ੀਰੋਜ਼ਪੁਰ ਵਲ ਨੂੰ ਤੁਰ ਪਏ।......

ਬਾਅਦ ਵਿਚ ਸਾਨੂੰ ਪਤਾ ਲੱਗਾ ਕਿ ਕਿਰਪਾਲ ਸਿੰਘ ਨਾਅ ਦਾ ਇਕ ਆਦਮੀ ਗ਼ਦਰ ਪਾਰਟੀ ਦੇ ਮੋਹਰੀਆਂ ਦੇ ਗਰੁੱਪ ਵਿਚ ਆ ਰਲਿਆ ਸੀ। ਉਹ ਪੁਲੀਸ ਦਾ ਏਜੰਟ ਸੀ ਅਤੇ ਉਸੇ ਕਾਰਨ ਸਾਰੀ ਸਕੀਮ ਸਰਕਾਰ ਨੂੰ ਪਤਾ ਲੱਗ ਗਈ ਸੀ। ਗੁਰਮੁਖ ਸਿੰਘ ਜੀ ਨੂੰ ਲਾਹੌਰੋਂ ਸੀ. ਆਈ. ਡੀ. ਦੇ ਚਿਟ-ਕਪੜੀਆਂ ਨੇ ਗਰਿਫ਼ਤਾਰ ਕੀਤਾ ਜਦ ਇਹ ਰਾਸ਼ ਬਿਹਾਰੀ ਬੋਸ ਨੂੰ ਗੁਪਤ ਅੱਡੇ ਉਤੇ ਮਿਲਣ ਗਏ। ਇਹ ਅੱਡਾ ਪੁਲੀਸ ਨੂੰ ਪਤਾ ਲੱਗ ਗਿਆ ਸੀ। ਗੁਰਮੁਖ ਸਿੰਘ ਜੀ ਦੇ ਕਥਨ ਅਨੁਸਾਰ "ਰਾਸ਼ ਬਿਹਾਰੀ ਅਤੇ ਉਸ ਨਾਲ ਹੈੱਡ-ਕੁਆਟਰ ਉਤੇ ਕੰਮ ਕਰਦੇ ਹੋਰ ਲੋਕ ਮਫ਼ਰੂਰ ਹੋ ਗਏ ਸਨ ਕਿਉਂਕਿ ਰਾਸ਼ ਬਿਹਾਰੀ ਬਹੁਤ ਚੌਕਸ ਇਨਕਲਾਬੀ ਸੀ ਅਤੇ ਉਸ ਨੇ ਫ਼ੌਰਨ ਤਾੜ ਲਿਆ ਸੀ ਕਿ ਪੁਲੀਸ ਨੇ ਉਨ੍ਹਾਂ ਦੇ ਅੱਡੇ ਦੀ ਸੂਹ ਕਢ ਲਈ ਹੈ।"

ਗ਼ਦਰ ਪਾਰਟੀ ਦੇ ਆਗੂਆਂ ਉਤੇ ਚੱਲੇ ਪਹਿਲੇ ਲਾਹੌਰ ਸਾਜ਼ਿਸ਼ ਕੇਸ ਵਿਚ ਗੁਰਮੁਖ ਸਿੰਘ ਜੀ ਨੂੰ ਉਮਰ ਕੈਦ ਦੀ ਸਜ਼ਾ ਹੋਈ ਅਤੇ ਇਹ ਅੰਡੇਮਾਨ ਭੇਜ ਦਿਤੇ ਗਏ। ਚਲਦੀ ਗੱਡੀ ਵਿਚੋਂ ਫ਼ਰਾਰ ਹੋ ਜਾਣ ਤੋਂ ਬਾਅਦ ਇਹ ਪੁਲਸ ਦੀਆਂ ਅੱਖਾਂ ਤੋਂ ਬਚਦੇ ਕਾਬਲ ਪਹੁੰਚ ਗਏ। ਏਥੇ ਗ਼ਦਰ ਪਾਰਟੀ ਦਾ ਇਕ ਕੇਂਦਰ ਕਾਇਮ ਕੀਤਾ ਜਾ ਚੁਕਿਆ ਸੀ ਜਿਸ ਦਾ ਕੰਮ ਭਾਰਤ ਅੰਦਰਲੀ ਇਨਕਲਾਬੀ ਤਹਿਰੀਕ ਦਾ ਗ਼ਦਰ ਪਾਰਟੀ ਹੈੱਡ-ਕੁਆਰਟਰ ਨਾਲ ਅਤੇ ਯੂਰਪ ਅਤੇ ਸੋਵੀਅਤ ਯੂਨੀਅਨ ਵਿਚ ਕੰਮ ਕਰ ਰਹੇ, ਅਥਵਾ ਮਾਰਕਸਵਾਦ ਦੀ ਸਿਖਿਆ ਪਰਾਪਤ ਕਰ ਰਹੇ ਇਨਕਲਾਬੀਆਂ ਨਾਲ ਤਾਲਮੇਲ ਕਰਨਾ ਸ਼ੀ। ਇਹ ਕੇਂਦਰ ਭਾਰਤੀ ਇਨਕਲਾਬੀਆਂ ਨੂੰ ਸੋਵੀਅਤ ਯੂਨੀਅਨ ਭੇਜਣ ਅਤੇ ਵਾਪਸ ਪਰਤਦੇ ਇਨਕਲਾਬੀਆਂ ਨੂੰ ਸੁਰੱਖਿਅਤ ਭਾਰਤ ਦੀ ਸਰਹੱਦ ਪਾਰ ਕਰਵਾਉਣ ਦਾ ਕੰਮ ਕਰਦਾ ਸੀ। ਇਨ੍ਹਾਂ ਸਾਲਾਂ ਵਿਚ ਸੋਵੀਅਤ ਯੂਨੀਅਨ ਅਤੇ ਅਫ਼ਗਾਨਿਸਤਾਨ ਵਿਚਕਾਰ ਦੋਸਤਾਨਾ ਸੰਬੰਧ ਕਾਇਮ ਸਨ ਜਿਹੜੇ ਅਕਤੂਬਰ ਇਨਕਲਾਬ ਤੋਂ ਬਾਅਦ ਖ਼ੁਦ ਲੈਨਿਨ ਨੇ ਸਥਾਪਤ ਕੀਤੇ ਸਨ। ਅਫ਼ਗ਼ਾਨਿਸਤਾਨ ਦਾ ਬਾਦਸ਼ਾਹ ਸ਼ਾਹ ਅਮਾਨਉੱਲਾ ਬਰਤਾਨਵੀ ਸਾਮਰਾਜ ਦਾ ਸੂਝਵਾਨ ਅਤੇ ਦ੍ਰਿੜ ਵਿਰੋਧੀ ਸੀ। ਗ਼ਦਰ ਪਾਰਟੀ ਦਾ ਕਾਬਲ ਵਿਚਲਾ ਕੇਂਦਰ ਇਨ੍ਹਾਂ ਸਿਆਸੀ ਹਾਲਾਤ ਕਾਰਨ ਸਥਾਪਤ ਹੋ ਸਕਿਆ ਸੀ ਅਤੇ ਚਲ ਰਿਹਾ ਸੀ। ਇਸੇ ਕਾਰਨ ਬਰਤਾਨਵੀ ਸਾਮਰਾਜੀ ਹਾਕਮ ਅਮਾਨਉੱਲਾ ਨੂੰ ਤਖ਼ਤੋਂ ਲਾਹੁਣ ਦੀਆਂ ਸਾਜ਼ਸ਼ਾਂ ਕਰਦੇ ਰਹਿੰਦੇ ਸਨ।

੧੯੨੩ ਵਿਚ ਹੀ ਕਾਬਲ ਵਿਚ ਗ਼ਦਰ ਪਾਰਟੀ ਦੇ ਆਗੂਆਂ ਰਤਨ ਸਿੰਘ, ਸੰਤੋਖ ਸਿੰਘ ਅਤੇ ਗੁਰਮੁਖ ਸਿੰਘ ਨੇ ਗ਼ਦਰ ਪਾਰਟੀ ਬਣਨ ਤੋਂ ਲੈ ਕੇ ਗ਼ਦਰ ਦੇ ਫੇਲ ਹੋਣ ਤਕ ਦੇ ਹਾਲਾਤ ਦਾ ਨਿਰਣਾ ਕੀਤਾ। ਗੁਰਮੁਖ ਸਿੰਘ ਜੀ ਦੇ ਸ਼ਬਦਾਂ ਵਿਚ : "ਸਾਡਾ ਇਹ ਨਿਰਣਾ ਸੀ ਕਿ ਗ਼ਦਰ ਦੀ ਅਸਫਲਤਾ ਦਾ ਅਸਲ ਕਾਰਨ ਇਹ ਸੀ ਕਿ ਗ਼ਦਰ ਪਾਰਟੀ ਨੂੰ ਜਮਾਤੀ ਸੂਝ ਨਹੀਂ ਸੀ। ਹੁਣ ਅਸੀਂ ਸੋਵੀਅਤ ਯੂਨੀਅਨ ਵਲ ਅਗਵਾਈ ਲਈ ਵੇਖਣ ਲੱਗੇ ਜਿਥੇ ੧੯੧੭ ਵਿਚ ਸਫਲ ਇਨਕਲਾਬ ਹੋ ਚੁਕਿਆ ਸੀ।" ਗ਼ਦਰ ਪਾਰਟੀ ਦੇ ਆਗੂਆਂ ਦੀ ਇਸ ਮੀਟਿੰਗ ਵਿਚ ਪੰਜਾਬ ਤੋਂ 'ਕਿਰਤੀ" ਰਸਾਲਾ ਕਢਣ ਦਾ ਫ਼ੈਸਲਾ ਹੋਇਆ। ਇਹ ਮਾਸਕ ਰਸਾਲਾ ੧੯੨੬ ਤੋਂ ਛਪਣਾ ਅਰੰਭ ਹੋਇਆ।

੧੯੨੭ ਵਿਚ ਅੰਗਰੇਜ਼ ਹਾਕਮਾਂ ਨੇ ਅਫ਼ਗਾਨਿਸਤਾਨ ਵਿਚ ਰਾਜ-ਪਲਟਾ ਕਰਵਾ ਕੇ ਨਾਦਰ ਖ਼ਾਂ ਨੂੰ, ਜਿਹੜਾ ਅਮਾਨਉੱਲਾ ਅਧੀਨ ਫ਼ੌਜਾਂ ਦਾ ਜਰਨੈਲ ਸੀ, ਬਾਦਸਾਹ ਬਣਾ ਦਿਤਾ। ਨਾਦਰ ਖ਼ਾਂ ਦੀ ਹਕੂਮਤ ਸਮੇਂ ਗੁਰਮਖ ਸਿੰਘ ਜੀ ਨੂੰ ਤਿੰਨ ਵਾਰ ਜੇਲ ਪਾਇਆ ਗਿਆ। ਪਹਿਲੀ ਵਾਰ ੧੯੨੭ ਵਿਚ ਜਦ ਅਜੇ ਰਾਜ-ਪਲਟਾ ਹੋਇਆ ਹੀ ਸੀ, ਦੂਜੀ ਵਾਰ ਜੂਨ ੧੯੩੩ ਵਿਚ ਜਦ ਉਹ ਰੂਸ ਤੋਂ ਅਫ਼ਗਾਨਿਸਤਾਨ ਰਾਹੀਂ ਭਾਰਤ ਪਰਤਦੇ ਰੂਸ-ਅਫ਼ਗਾਨਿਸਤਾਨ ਸਰਹੱਦ ਉਤੇ ਫੜੇ ਗਏ। ਏਥੋਂ ਗਾਰਦ ਨੂੰ ਝਕਾਨੀ ਦੇ ਕੇ ਦੌੜ ਨਿਕਲੇ, ਪਰ ਜੁਲਾਈ ਮਹੀਨੇ ਵਿਚ ਭਾਰਤ-ਅਫ਼ਗਾਨਿਸਤਾਨ ਸਰਹੱਦ ਉਤੇ ਫੇਰ ਗ੍ਰਿਫ਼ਤਾਰ ਕਰ ਕੇ ਜੇਲ ਪਾ ਦਿਤੇ ਗਏ।

ਪੁਰਾਣੇ ਦੇਸ਼ ਭਗਤ ਅਤੇ ਕਮਿਊਨਿਸਟ ਆਗੂ ਕਾਮਰੇਡ ਅਛਰ ਸਿੰਘ ਛੀਨਾ ਅਨੁਸਾਰ ਨਾਦਰ ਖ਼ਾਂ ਨੇ ਅਫ਼ਗਾਨ ਸਰਕਾਰ ਵਿਰੁਧ ਸਾਜ਼ਸ਼ ਦਾ ਝੂਠਾ ਕੇਸ ਬਣਾ ਕੇ ਗੁਰਮੁਖ ਸਿੰਘ ਜੀ, ਉਨ੍ਹਾਂ ਦੇ ਇਕ [illegible] ਸਾਥੀ ਅਤੇ ਇਕ ਪਠਾਣ ਨੂੰ ਗ੍ਰਿਫ਼ਤਾਰ ਕੀਤਾ ਸੀ। ਇਨ੍ਹਾਂ ਤਿੰਨਾਂ ਨੂੰ ਫ਼ਾਂਸੀ ਲਾ ਦੇਣ ਦੀ ਵਿਉਂਤ ਤਿਆਰ ਕੀਤੀ ਗਈ। ਇਸ ਮੰਤਵ ਲਈ ਇਨ੍ਹਾਂ ਦੀਆਂ ਹਵਾਲਾਤਾਂ ਦੇ ਬਾਹਰ ਫ਼ਾਂਸੀ ਲਾਉਣ ਲਈ ਚਬੂਤਰੇ ਉਸਾਰ ਦਿਤੇ ਗਏ। ਨਾਦਰ ਖ਼ਾਂ ਜੇਲ ਵਿਚ ਆਇਆ ਅਤੇ ਪਹਿਲਾਂ ਉਸ ਨੇ ਆਪਣੇ ਖੰਜਰ ਨਾਲ ਉਸ ਪਠਾਣ ਦਾ ਕੰਨ ਕਟ ਕੇ ਚਬਾਇਆ ਅਤੇ ਫੇਰ ਉਹ ਇਨ੍ਹਾਂ ਦੋ ਗ਼ਦਰੀਆਂ ਵਲ ਜੇਤੂ ਅੰਦਾਜ਼ ਨਾਲ ਵਧਿਆ। ਉਸ ਨੇ ਪਸ਼ਤੋ ਵਿਚ ਇਨ੍ਹਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜੇ ਉਹ ਅਫ਼ਗਾਨ ਸਰਕਾਰ ਵਿਰੋਧੀ ਸਰਗਰਮੀਆਂ ਦਾ ਇਕਬਾਲ ਕਰ ਲੈਣ ਤਾਂ ਉਨ੍ਹਾਂ ਨੂੰ ਫਾਂਸੀ ਲਗਣ ਤੋਂ ਬਚਾਇਆ ਜਾ ਸਕਦਾ ਹੈ। ਇਸ ਦੇ ਜਵਾਬ ਵਿਚ ਗੁਰਮੁਖ ਸਿੰਘ ਜੀ ਨੇ ਜੋ ਇਸ ਸਮੇਂ ਤਕ ਗੁਜ਼ਾਰੇ ਜੋਗੀ ਪਸ਼ਤੋ ਬੋਲਣਾ ਸਿਖ ਗਏ ਸਨ ਉਸ ਨੂੰ ਬੇਖ਼ੌਫ਼ੀ ਅਤੇ ਦ੍ਰਿੜਤਾ ਦੇ ਜਿਹੜੇ ਸ਼ਬਦ ਸੰਬੋਧਨ ਕੀਤੇ ਉਹ ਕੁਝ ਇਸ ਤਰ੍ਹਾਂ ਸਨ : "ਤੂੰ ਸਾਮਰਾਜ ਦਾ ਕੁੱਤਾ ਹੈਂ। ਸਾਨੂੰ ਫਾਂਸੀ ਲਗਣ ਦਾ ਜ਼ਰਾ ਡਰ ਨਹੀਂ। ਪਰ ਅਸੀਂ ਤੈਨੂੰ ਦਸ ਦੇਂਦੇ ਹਾਂ ਕਿ ਦੇਸ਼ ਭਗਤ ਸ਼ਕਤੀਆਂ ਤੇਰੇ ਜੇਹਿਆਂ ਦਾ ਛੇਤੀ ਹੀ ਸਫ਼ਾਇਆ ਕਰਨਗੀਆਂ।" ਨਾਦਰ ਖ਼ਾਂ ਨੂੰ ਪਹਿਲੀ ਵਾਰ ਇਨਕਲਾਬੀਆਂ ਦੀ ਜਵਾਬੀ ਵੰਗਾਰ ਦਾ ਸਾਹਮਣਾ ਕਰਨਾ ਪਿਆ ਸੀ। ਉਸ ਨੂੰ ਪਤਾ ਸੀ ਕਿ ਇਨ੍ਹਾਂ ਨੂੰ ਫਾਂਸੀ ਲਾਉਣ ਦੇ ਨਤੀਜੇ ਉਸ ਲਈ ਮਾੜੇ ਹੋ ਸਕਦੇ ਸਨ। ਇਸ ਸਮੇਂ ਤਕ ਗ਼ਦਰ ਪਾਰਟੀ ਦੀਆਂ ਸਰਗਰਮ ਸ਼ਾਖ਼ਾਂ ਅਮਰੀਕਾ, ਕੈਨੇਡਾ ਅਤੇ ਯੂਰਪ ਦੇ ਤਿੰਨ ਚਾਰ ਦੇਸ਼ਾਂ ਵਿਚ ਮੌਜੂਦ ਸਨ। ਇਨ੍ਹਾਂ ਗ੍ਰਿਫ਼ਤਾਰੀਆਂ ਦੀ ਖ਼ਬਰ ਸਭ ਪਾਸੇ ਪਹੁੰਚ ਗਈ ਸੀ ਅਤੇ ਇਨ੍ਹਾਂ ਦੀ ਰਿਹਾਈ ਲਈ ਤਕੜੀ ਮੁਹਿੰਮ ਕੀਤੀ ਜਾ ਰਹੀ ਸੀ। ਭਾਰਤ ਵਿਚ ਤਕਰੀਬਨ ਸਾਰੀਆਂ ਅਖ਼ਬਾਰਾਂ ਨੇ ਗ਼ਦਰੀਆਂ ਦੀ ਗ੍ਰਿਫ਼ਤਾਰੀ ਦੀ ਖ਼ਬਰ ਛਾਪੀ ਸੀ।

ਨਾਦਰ ਖ਼ਾਂ ਇਨ੍ਹਾਂ ਨੂੰ ਰਿਹਾ ਕਰਨਾ ਤਾਂ ਮੰਨ ਗਿਆ, ਪਰ ਉਹ ਇਨ੍ਹਾਂ ਨੂੰ ਫ਼ੌਰਨ ਦੇਸ-ਬਦਰ ਕਰਨਾ ਚਾਹੁੰਦਾ ਸੀ ਅਤੇ ਉਹ ਵੀ ਭਾਰਤ-ਅਫ਼ਗਾਨਿਸਤਾਨ ਹੱਦ ਉਤੇ। ਉਸ ਸੂਰਤ ਵਿਚ ਇਨ੍ਹਾਂ ਦਾ ਅੰਗਰੇਜ਼ ਸ਼ਰਕਾਰ ਦੀ ਪੁਲੀਸ ਵਲੋਂ ਗ੍ਰਿਫ਼ਤਾਰ ਹੋ ਜਾਣਾ ਯਕੀਨੀ ਸੀ। ਯੂਰਪ ਵਿਚ ਅਫ਼ਗਾਨ ਰਾਜਦੂਤਾਂ ਰਾਹੀਂ ਗ਼ਦਰ ਪਾਰਟੀ ਨੇ ਇਕ ਵਾਰ ਫੇਰ ਦਬਾਅ ਪਾਇਆ, ਬਾਬਾ ਕੇਸਰ ਸਿੰਘ ਨੇ ਪੈਰਿਸ ਵਿਚ ਅਫ਼ਗਾਨ ਰਾਜਦੂਤ ਦੀ ਕਾਰ ਘੇਰ ਲਈ ਅਤੇ ਮੰਗ ਕੀਤੀ ਕਿ ਉਹ ਆਪਣੀ ਸਰਕਾਰ ਨੂੰ ਇਨ੍ਹਾਂ ਬਹਾਦਰਾਂ ਦੀ ਰਿਹਾਈ ਲਈ ਲਿਖੇ। ਕਾਬਲ ਵਿਚ ਸੋਵੀਅਤ ਦੂਤਾਵਾਸ ਨੇ ਇਨ੍ਹਾਂ ਗ਼ਦਰੀਆਂ ਨੂੰ ਰੂਸੀ ਸ਼ਹਿਰੀ ਪਰਵਾਨ ਕਰ ਲੈਣ ਦੇ ਨਾਤੇ ਰੂਸ ਭੇਜਣਾ ਮਨਜ਼ੂਰ ਕੀਤਾ। ਦੋਵੇਂ ਗ਼ਦਰੀ ਇਕ ਉਚੇਚੇ ਜਹਾਜ਼ ਰਾਹੀਂ ਕਾਬਲ ਤੋਂ ਮਾਸਕੋ ਪੁੱਜੇ। ਗੁਰਮੁਖ ਸਿੰਘ ਜੀ ਨੇ ਦਸਿਆ ਕਿ ਉਨ੍ਹਾਂ ਦਾ ਉਚੇ ਪੱਧਰ ਦੇ ਸੋਵੀਅਤ ਅਧਿਕਾਰੀਆਂ ਨਾਲ ਮੇਲ-ਮਿਲਾਪ ਹੋਇਆ।

ਰੂਸ ਤੋਂ ਗੁਰਮੁਖ ਸਿੰਘ ਜੀ ਅੰਗਰੇਜ਼ਾਂ ਦੀ ਸੂਹੀਆ ਪੁਲਿਸ ਦੀਆਂ ਨਜ਼ਰਾਂ ਤੋਂ ਬਚਦੇ ਬਚਾਉਂਦੇ ਦੇਸ ਪਰਤ ਆਏ ਅਤੇ ਪੰਜਾਬ ਦੀ ਕਮਿਊਨਿਸਟ ਲਹਿਰ ਨੂੰ ਜਿਹੜੀ ਕਿਰਤੀ ਗਰੁੱਪ ਅਤੇ ਕਮਿਊਨਿਸਟ ਗਰੁੱਪ ਵਿਚ ਵੰਡੀ ਹੋਈ ਸੀ ਇਕ ਕਮਿਊਨਿਸਟ ਪਾਰਟੀ ਵਿਚ ਇਕਮੁੱਠ ਕਰਨ ਲਈ ਦਿਨ ਰਾਤ ਇਕ ਕਰਕੇ ਕੰਮ ਕਰਨ ਲਗੇ। ਲਾਹੌਰ ਵਿਚ ਇਕ ਗੁਪਤ ਅੱਡੇ ਉਤੇ ਉਨ੍ਹਾਂ ਟਿਕਾਣਾ ਬਣਾਇਆ

ਜਿਸ ਦਾ ਪਤਾ ਕੇਵਲ ਇਕ-ਅੱਧ ਕਮਿਊਨਿਸਟ ਲੀਡਰ ਨੂੰ ਹੀ ਸੀ। ਇਸ ਦੌਰਾਨ ਬਦੇਸ਼ਾਂ ਨਾਲ ਆਪਣਾ ਸਾਰਾ ਚਿੱਠੀ-ਪੱਤਰ ਖ਼ੁਦ ਕਰਦੇ ਰਹੇ ਅਤੇ ਹਫਤੇ ਦੇ ਇਕ ਨਿਸਚਿਤ ਦਿਨ ਡਾਕਖ਼ਾਨੇ ਆਪ ਚਿੱਠੀਆਂ ਪਾਉਣ ਜਾਂਦੇ ਰਹੇ। ਅਨੁਮਾਨ ਹੈ ਕਿ ਬਦੇਸਾਂ ਦੀ ਡਾਕ ਨੂੰ ਲਗਾਤਾਰ ਸੈਂਸਰ ਕਰਨ ਤੋਂ ਪਜਾਬ ਸੀ. ਆਈ. ਡੀ. ਨੂੰ ਗੁਰਮੁਖ ਸਿੰਘ ਜੀ ਦੀ ਦੇਸ਼ ਅੰਦਰ ਮੌਜੂਦਗੀ ਦਾ ਪਤਾ ਲਗ ਗਿਆ। ਇਕ ਦਿਨ ਉਹ ਲੈਟਰ-ਬਕਸ ਵਿਚ ਖ਼ਤ ਪਾ ਰਹੇ ਸਨ ਕਿ ਦੋ ਚਿਟ-ਕਪੜੀਏ ਸੂਹੀਆਂ ਨੇ ਉਨ੍ਹਾਂ ਦੀਆਂ ਬਾਹਾਂ ਵਿਚ ਬਾਹਾਂ ਪਾ ਲਈਆਂ। ਇਹ ਗੱਲ ੧੯੩੬ ਦੀ ਹੈ। ਉਨ੍ਹਾਂ ਸਾਲਾਂ ਵਿਚ ਪੰਜਾਬ ਪੁਲੀਸ ਸਾਰੇ ਰਾਜਸੀ ਕੈਦੀਆਂ ਨੂੰ ਤਫ਼ਤੀਸ਼ ਲਈ ਲਾਹੌਰ ਸ਼ਾਹੀ ਕਿਲੇ ਵਿਚ ਲੈ ਜਾਇਆ ਕਰਦੀ ਸੀ। ਇਹ ਕਿਲ੍ਹਾ ਦੇਸ਼ ਭਗਤਾਂ ਨੂੰ ਤਸੀਹੇ ਦੇਣ, ਉਨ੍ਹਾਂ ਤੋਂ ਗੁਪਤ ਸਰਗਰਮੀਆਂ ਬਾਰੇ ਇਕਬਾਲ ਕਰਵਾਉਣ ਅਤੇ ਉਨ੍ਹਾਂ ਦੇ ਹੌਂਸਲੇ ਪਸਤ ਕਰਨ ਲਈ ਵਰਤਿਆ ਜਾਂਦਾ ਸੀ। ਮਾੜੇ ਦਿਲਾਂ ਵਾਲੇ ਕਿਲੇ ਦੇ ਨਾਂਅ ਤੋਂ ਦਹਿਲਦੇ ਸਨ। ਗੁਰਮੁਖ ਸਿੰਘ ਜੀ ਨੂੰ ਗ੍ਰਿਫਤਾਰੀ ਤੋਂ ਬਾਅਦ ਤਿੰਨ ਮਹੀਨੇ ਸ਼ਾਹੀ ਕਿਲ੍ਹੇ ਵਿਚ ਰਖਿਆ ਗਿਆ। ਕਿਹਾ ਜਾਂਦਾ ਹੈ ਕਿ ਉਹ ਪੁਲੀਸ ਨੂੰ ਗਾਲ੍ਹਾਂ ਕਢਦੇ ਕਿਲ੍ਹੇ ਵਿਚ ਵੜੇ ਸਨ ਅਤੇ ਗਾਲ੍ਹਾਂ ਕਢਦੇ ਨਿਕਲੇ, ਪਰ ਕਿਸੇ ਨੂੰ ਉਨ੍ਹਾਂ ਨੂੰ ਹੱਥ ਲਾ ਸਕਣ ਦੀ ਜੁਰਅਤ ਨਹੀਂ ਹੋਈ। ਜਦੋਂ ਕਈ ਸਾਲਾਂ ਬਾਅਦ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਆਖ਼ਰ ਇਸ ਗੱਲ ਦਾ ਰਾਜ਼ ਕੀ ਹੈ ਕਿ ਜਾਬਰ ਪੁਲਸ ਅਫ਼ਸਰ ਵੀ ਤੁਹਾਨੂੰ ਛੂਹ ਨਾ ਸਕੇ ਤਾਂ ਉਨ੍ਹਾਂ ਕਿਹਾ ਕਿ ਜਿਹੜਾ ਇਨਕਲਾਬੀ ਆਪਣੇ ਜਾਬਰਾਂ ਅਤੇ ਤਸੀਹੇ ਦੇਣ ਵਾਲਿਆਂ ਦੀਆਂ ਅੱਖਾਂ ਵਿਚ ਆਪਣੀਆਂ ਅੱਖਾਂ ਗਡ ਸਕਦਾ ਹੈ, ਉਸ ਨੂੰ ਕਦੇ ਵੀ ਕੋਈ ਹੱਥ ਨਹੀਂ ਲਾ ਸਕਦਾ।

ਕਾਮਰੇਡ ਗੁਰਚਰਨ ਸਿੰਘ ਸਹਿੰਸਰਾ ਦੀ ਖੋਜ ਅਨੁਸਾਰ ਪੰਜਾਬ ਪੁਲੀਸ ਦੀ ੧੯੩੬ ਦੀ ਸਾਲਾਨਾ ਰੀਪੋਰਟ ਵਿਚ ਇਹ ਦਰਜ ਸੀ ਕਿ ਉਸ ਸਾਲ ਦਾ ਉਨ੍ਹਾਂ ਦਾ ਸਭ ਤੋਂ ਵੱਡਾ ਕਾਰਨਾਮਾ ਗੁਰਮੁਖ ਸਿੰਘ ਦੀ ਗ੍ਰਿਫ਼ਤਾਰੀ ਸੀ।

ਅੰਡੇਮਾਨ ਜੇਲ ਦੀਆਂ ਦੋਹਾਂ ਯਾਤਰਾਵਾਂ ਵਿਚ ਗੁਰਮੁਖ ਸਿੰਘ ਜੀ ਦਾ ਰੋਲ ਇਤਿਹਾਸਕ ਸੀ। ਲੰਮੀਆਂ ਭੁੱਖ ਹੜਤਾਲਾਂ, ਨਿੱਤ-ਦਿਹਾੜੀ ਦੀਆਂ ਮੰਗਾਂ ਲਈ ਜ਼ਾਲਮ ਜੇਲ੍ਹ ਅਧਿਕਾਰੀਆਂ ਨਾਲ ਸਾਲਾਂ-ਬੱਧੀ ਸੰਘਰਸ਼ ਅਤੇ ਵਾਪਸ ਆਪਣੇ ਆਪਣੇ ਇਲਾਕੇ ਦੀਆਂ ਜੇਲ੍ਹਾਂ ਵਿਚ ਤਬਦੀਲੀਆਂ ਲਈ ਅੰਗਰੇਜ਼ ਸਰਕਾਰ ਵਿਰੁਧ ਨਿਰੰਤਰ ਮੁਹਿੰਮ ਉਨ੍ਹਾਂ ਦੇ ਅੰਡੇਮਾਨ ਦੇ ਜੀਵਨ ਦਾ ਗੌਰਵਮਈ ਪਖ ਸੀ। ਭਾਰਤੀ ਸਿਆਸੀ ਕੈਦੀਆਂ ਦਾ ਇਹ ਨਰਕ, ਅੰਡੇਮਾਨ ਜੇਲ੍ਹ ਅਖ਼ੀਰ ਟੁੱਟੀ ਅਤੇ ਬਰਤਾਨਵੀ ਸਰਕਾਰ ਨੇ ਦੇਸ਼ ਭਗਤਾਂ ਨੂੰ ਵਾਪਸ ਭਾਰਤ ਦੀਆਂ ਜੇਲ੍ਹਾਂ ਵਿਚ ਭੇਜ ਦਿਤਾ। ਪਰ ਸਿਆਸੀ ਕੈਦੀਆਂ ਨੂੰ ਉਨ੍ਹਾਂ ਦੇ ਆਪਣੇ ਪ੍ਰਾਂਤਾਂ ਵਿਚ ਭੇਜ ਕੇ ਵੀ ਉਨ੍ਹਾਂ ਦੇ ਘਰਾਂ ਤੋਂ ਦੁਰੇਡੇ ਬੰਦ ਕੀਤਾ ਗਿਆ। ਗੁਰਮੁਖ ਸਿੰਘ ਜੀ ਲਾਹੌਰ, ਮੁਲਤਾਨ, ਗੁਜਰਾਤ ਅਤੇ ਲਾਇਲਪੁਰ ਦੀਆਂ ਜੇਲ੍ਹਾਂ ਵਿਚ ਬੰਦ ਰਖੇ ਗਏ। ੧੯੪੬ ਵਿਚ ਉਨ੍ਹਾਂ ਨੂੰ ਰਿਹਾ ਕੀਤਾ ਗਿਆ।

ਜੇਲ੍ਹਾਂ ਅਤੇ ਮਫ਼ਰੂਰੀਆਂ ਦੀ ਲੰਮੀ ਜ਼ਿੰਦਗੀ ਨੇ ਬਾਬਾ ਜੀ ਦੇ ਵਲਵਲੇ ਵਿਚ ਜ਼ਰਾ ਜਿੰਨਾ ਵੀ ਫਰਕ ਨਹੀਂ ਪਾਇਆ ਸੀ। ਰਿਹਾ ਹੁੰਦਿਆਂ ਹੀ ਉਨ੍ਹਾਂ ਨੇ ਕਮਿਊਨਿਸਟ ਪਾਰਟੀ ਲਈ ਰਾਤ ਦਿਨ ਇਕ ਕਰ ਕੇ ਕੰਮ ਫੇਰ ਅਰੰਭ ਦਿਤਾ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਦੇ ਨਵੇਂ ਹਾਲਾਤ ਵਿਚ ਕਮਿਊਨਿਸਟ ਪਾਰਟੀ ਦੀ ਨੀਤੀ ਵਿਚ ਕਈ ਤਬਦੀਲੀਆਂ ਆਈਆਂ। ਬਾਬਾ ਜੀ ਨੇ ਸਦਾ ਇਕ ਤਿੱਖਾ ਨਿਰੰਤਰ ਸੰਗਰਾਮ ਕਰਨ ਦੀ ਲਾਈਨ ਦੀ ਪਰੋੜਤਾ ਕੀਤੀ। ਪਾਰਟੀ ਵਿਚ ਅਤੇ ਬਾਹਰ ਲੋਕਾਂ ਵਿਚ ਉਨ੍ਹਾਂ ਦਾ ਮਾਨ-ਸਤਿਕਾਰ ਬਣਿਆ ਰਿਹਾ, ਪਰ ਰਾਜਸੀ ਲਾਈਨ ਨਾਲ ਸੰਬੰਧਤ ਬਹਿਸ-ਵਿਚਾਰ ਵਿਚ ਉਨ੍ਹਾਂ ਦਾ ਪੱਖ ਪਾਰਟੀ ਲੀਡਰਸ਼ਿਪ ਦੀ ਬਹੁਗਿਣਤੀ ਨੂੰ ਕਾਇਲ ਨਾ ਕਰ ਸਕਿਆ। ਇਨ੍ਹਾਂ ਸਾਲਾਂ ਵਿਚ ਉਨ੍ਹਾਂ ਦੀ ਸਰਗਰਮੀ ਦਾ ਖੇਤਰ ਪਾਰਟੀ ਜਥੇਬੰਦੀ ਸੀ ਅਤੇ ਜਾਂ ਫੇਰ ਕਿਸਾਨ ਮੁਹਾਜ਼ ਅਤੇ ਦੇਸ਼ ਭਗਤ ਯਾਦਗਾਰ। ਮੁਜ਼ਾਰਿਆਂ ਅਤੇ ਕਿਸਾਨੀ ਦੇ ਹੋਰ ਤਬਕਿਆਂ ਦੀਆਂ ਐਜੀਟੇਸ਼ਨਾਂ ਅਤੇ ਲਹਿਰਾਂ ਵਿਚ ਅਤੇ ਖ਼ੁਸ਼-ਹੈਸੀਅਤੀ ਮੋਰਚੇ ਵਿਚ ਉਨ੍ਹਾਂ ਉਘਾ ਰੋਲ ਅਦਾ ਕੀਤਾ।

੧੯੬੨ ਵਿਚ ਜਦੋਂ ਚੀਨ ਨੇ ਭਾਰਤ ਉਤੇ ਹਮਲਾ ਕੀਤਾ ਤਾਂ ਬਾਬਾ ਜੀ ਨੂੰ ਹੋਰਨਾਂ ਕਮਿਊਨਿਸਟ ਆਗੂਆਂ ਦੇ ਨਾਲ ਜੇਲ੍ਹ ਬੰਦ ਕਰ ਦਿਤਾ ਗਿਆ। ਜੇਲ੍ਹ ਵਿਚੋਂ ਉਨ੍ਹਾਂ ਜਵਾਹਰਲਾਲ ਨਹਿਰੂ ਅਤੇ ਸ. ਪਰਤਾਪ ਸਿੰਘ ਕੈਰੋਂ ਨੂੰ ਸਖ਼ਤ ਰੋਸ ਦੀਆਂ ਚਿੱਠੀਆਂ ਲਿਖੀਆਂ ਅਤੇ ਭੁੱਖ ਹੜਤਾਲ ਕਰ ਦਿੱਤੀ। ਉਨ੍ਹਾਂ ਲਿਖਿਆ : "ਜਿਸ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਮੈਂ ਆਪਣੀ ਸਾਰੀ ਜ਼ਿੰਦਗੀ ਲਾਈ ਹੈ ਜੇ ਉਸ ਦੀ ਸਰਕਾਰ ਨੇ ਮੈਨੂੰ ਗ਼ਦਾਰ ਕਹਿ ਕੇ ਜੇਲ ਵਿਚ ਡਕਣਾ ਹੈ ਤਾਂ ਇਸ ਨਾਲੋਂ ਮੈਂ ਭੁੱਖ ਹੜਤਾਲ ਕਰਕੇ ਪ੍ਰਾਣ ਤਿਆਗ ਦੇਣੇ ਬਿਹਤਰ ਸਮਝਾਂਗਾ।" ਉਨ੍ਹਾਂ ਨੂੰ ਹਿਸਾਰ ਜੇਲ ਤੋਂ ਨਾਭਾ ਜੇਲ ਵਿਚ ਤਬਦੀਲ ਕੀਤਾ ਗਿਆ। ਉਨ੍ਹਾਂ ਆਪਣੀ ਭੁੱਖ ਹੜਤਾਲ ਜਾਰੀ ਰੱਖੀ। ਸਭ ਨੂੰ ਇਹ ਨਿਸਚਾ ਹੋ ਗਿਆ ਸੀ ਕਿ ਬਾਬਾ ਜੀ ਕੇਵਲ ਰਿਹਾਈ ਹਾਸਲ ਕਰ ਕੇ ਹੀ ਵਰਤ ਛਡਣਗੇ। ਇਸ ਮਸਲੇ ਬਾਰੇ ਕਮਿਊਨਿਸਟ ਪਾਰਟੀ ਦਾ ਇਕ ਡੈਪੂਟੇਸ਼ਨ ਸ: ਪਰਤਾਪ ਸਿੰਘ ਕੈਰੋਂ ਨੂੰ ਮਿਲਿਆ। ਕੁਝ ਦਿਨਾਂ ਬਾਅਦ ਬਾਬਾ ਜੀ ਨੂੰ ਰਿਹਾ ਕਰ ਦਿੱਤਾ ਗਿਆ। ਚੀਨ ਦੇ ਹਮਲੇ ਦੇ ਸੰਬੰਧ ਵਿਚ ਕੈਦ ਹੋਏ ਕਮਿਊਨਿਸਟ ਆਗੂਆਂ ਵਿਚ ਕੇਵਲ ਬਾਬਾ ਜੀ ਹੀ ਅਜੇਹੇ ਸਨ ਜਿਹੜੇ ਫੜੇ ਜਾਣ ਦੇ ਥੋੜਾ ਚਿਰ ਬਾਅਦ ਹੀ ਰਿਹਾ ਕੀਤੇ ਗਏ ਭਾਵੇਂ ਕਿ ਉਹ ਇਸ ਗੱਲ ਵਿਚ ਵਿਸ਼ਵਾਸ ਰਖਦੇ ਸਨ ਕਿ ਚੀਨ ਹਮਲਾਵਰ ਨਹੀਂ।

ਬਾਬਾ ਜੀ ਨੇ ਪਿਛਲੇ ਕੁਝ ਸਾਲ ਵਿਸ਼ੇਸ਼ ਤੌਰ ਉਤੇ ਦੇਸ਼ ਭਗਤ ਯਾਦਗਾਰ ਦੀ ਉਸਾਰੀ ਉਤੇ ਲਾਏ ਹਨ। ਇਸ ਮਕਸਦ ਲਈ ਉਹ ਇੰਗਲੈਂਡ ਅਤੇ ਕੈਨੇਡਾ ਗਏ ਅਤੇ ਤਕੜੀ ਉਗਰਾਹੀ ਕਰ ਕੇ ਲਿਆਏ। ਇਨ੍ਹਾਂ ਸਾਲਾਂ ਵਿਚ ਪੰਜਾਬੀ ਮਾਸਕ "ਦੇਸ਼ ਭਗਤ ਯਾਦਾਂ" ਕਢਿਆ ਜਿਹੜਾ ਗ਼ਦਰ ਪਾਰਟੀ ਅਤੇ ਹੋਰਨਾਂ ਇਨਕਲਾਬੀ ਲਹਿਰਾਂ ਦੇ ਇਤਿਹਾਸ ਬਾਰੇ ਚੰਗੀ ਜਾਣਕਾਰੀ ਦੇਂਦਾ ਸੀ। ਬਾਅਦ ਵਿਚ ਅੰਗਰੇਜ਼ੀ ਮਾਸਕ "ਪੀਪਲਜ਼ ਪਾਥ" ਕਢਿਆ ਜਿਹੜਾ ਚੀਨ-ਪੱਖੀ ਵਿਚਾਰਾਂ ਦਾ ਸਮਰਥਕ ਸੀ। ਪੰਜਾਬ ਦੇ ਮਾਓ-ਵਾਦੀਆਂ ਨੇ ਇਨਕਲਾਬੀ ਲਹਿਰ ਵਿਚ ਉਨ੍ਹਾਂ ਦੀ ਪੁਜ਼ੀਸ਼ਨ ਨੂੰ ਆਪਣੇ ਮੰਤਵਾਂ ਲਈ ਵਰਤਣ ਦੇ ਯਤਨ ਕੀਤੇ, ਪਰ ਨਕਸਲਵਾਦੀਆਂ ਉਤੇ ਕੀਤੇ ਜਾਂਦ ਪੁਲਸੀ ਜਬਰ ਦਾ ਵਿਰੋਧ ਕਰਦਿਆਂ ਹੋਇਆਂ ਵੀ ਬਾਬਾ ਜੀ ਨੇ ਉਨ੍ਹਾਂ ਨੂੰ ਕਿਸੇ ਪਰਕਾਰ ਦਾ ਜਥੇਬੰਦਕ ਸਹਿਯੋਗ ਦੇਣ ਤੋਂ ਇਨਕਾਰ ਕੀਤਾ। ਪੁਲੀਸ ਨੇ ਤਿੰਨ ਵਾਰ ਦੇਸ਼ ਭਗਤ ਯਾਦਗਾਰ ਉਤੇ ਛਾਪਾ ਮਾਰਿਆ, ਪਰ ਕਿਸੇ ਵਾਰ ਕੁਝ ਨਾ ਨਿਕਲਿਆ, ਨਾ ਮਾਓ ਦੀ ਲਾਲ ਕਿਤਾਬ ਦੀ ਕੋਈ ਕਾਪੀ ਅਤੇ ਨਾ ਹੀ ਕੋਈ ਮਫ਼ਰੂਰ ਨਕਸਲਵਾਦੀ। ਸਗੋਂ ਪੁਲੀਸ ਅਫ਼ਸਰਾਂ ਨੂੰ ਹਰ ਵਾਰ ਬਾਬਾ ਜੀ ਦੀ ਸਖ਼ਤ-ਕਲਾਮੀ ਸੁਣਨੀ ਪਈ।

ਬਾਬਾ ਜੀ ਰਾਜਸੀ ਹਲਕਿਆਂ ਵਿਚ ਚੰਗੇ ਟਿਚਰੀ ਅਤੇ ਚੋਭਵੇਂ ਫ਼ਿਕਰੇ ਕੱਸਣ ਵਾਲੇ ਦੇ ਤੌਰ ਉਤੇ ਜਾਣੇ ਜਾਂਦੇ ਹਨ। ਜਿਨ੍ਹਾਂ ਨਾਲ ਖੁਲ੍ਹ ਜਾਂਦੇ ਹਨ, ਉਨ੍ਹਾਂ ਦੀਆਂ ਸਾਧਾਰਨ ਆਦਤਾਂ ਜਾਂ ਕਮਜ਼ੋਰੀਆਂ ਦਾ ਅਕਸਰ ਮਜ਼ਾਕ ਉਡਾਉਣਾ ਉਨ੍ਹਾਂ ਦੇ ਸੁਭਾਅ ਦਾ ਹਿੱਸਾ ਹੈ। ਈਮਾਨਦਾਰੀ, ਸਚਾਈ, ਦਲੇਰੀ, ਲੋਕ-ਸੇਵਾ, ਅਣਥਕ ਕੰਮ ਆਦਿਕ ਗੁਣਾਂ ਵਾਲੇ ਰਾਜਸੀ ਵਰਕਰਾਂ ਉਤੇ ਫ਼ਿਦਾ ਹੁੰਦੇ ਹਨ ਅਤੇ ਉਨ੍ਹਾਂ ਲਈ ਕੁਝ ਵੀ ਕਰਨ ਨੂੰ ਤਤਪਰ ਰਹਿੰਦੇ ਹਨ। ਬਾਅਦ ਦੇ ਸਾਲਾਂ ਵਿਚ ਕਈ ਖ਼ੁਦ-ਗਰਜ਼ ਅਨਸਰ ਉਨ੍ਹਾਂ ਦੇ ਨੇੜੇ ਲੱਗੇ ਅਤੇ ਦੇਸ਼ ਭਗਤ ਯਾਦਗਾਰ ਦੀ ਉਸਾਰੀ ਬਾਰੇ ਉਨ੍ਹਾਂ ਦੀ ਉਤੇਜਨਾ ਦਾ ਫ਼ਾਇਦਾ ਉਠਾ ਕੇ ਉਨ੍ਹਾਂ ਨੂੰ ਧੋਖਾ

ਦੇ ਗਏ।

ਪੰਜਾਬ ਵਿਚ ਸ਼ਾਇਦ ਹੀ ਕੋਈ ਇਨਕਲਾਬੀ ਜਾਂ ਕਮਿਊਨਿਸਟ ਲੀਡਰ ਅਜਿਹਾ ਹੋਇਆ ਹੋਵੇਗਾ ਜਿਸ ਦੀ ਫੰਡ-ਉਗਰਾਹੀ ਦੀ ਸਮਰੱਥਾ ਬਾਬਾ ਜੀ ਨਾਲ ਮੇਲ ਖਾਂਦੀ ਹੋਵੇ। ਉਹ ਆਮ ਤੌਰ ਉਤੇ ਪਾਰਟੀ ਵਰਕਰਾ ਨੂੰ ਮਜ਼ਾਕ ਕਰਿਆ ਕਰਦੇ ਕਿ ਤੁਸੀਂ ਪਿੰਡਾਂ ਵਿਚ ਕਾਨਫਰੰਸਾ ਕਰਨ ਲਈ "ਪਾਅ ਪਾਅ ਦਾਣੇ ਮੰਗਦੇ ਫਿਰਦੇ ਹੋ।" ਉਨ੍ਹਾ ਦੇ ਕਟਾਖ਼ਸ਼ ਦਾ ਮੰਤਕ ਇਹ ਹੈ ਕਿ ਪਾਰਟੀ ਦੇ ਫੰਡ ਦੇ ਵਸੀਲੇ ਤਕੜੇ ਹੋਣੇ ਚਾਹੀਦੇ ਹਨ ਅਤੇ ਅਜੇਹੇ ਅਨਸਰ ਤਿਆਰ ਕਰਨੇ ਚਾਹੀਦੇ ਹਨ ਜੋ ਪਾਰਟੀ ਲਈ ਵਧ ਤੋਂ ਵਧ ਮਾਇਕ ਕੁਰਬਾਨੀ ਕਰ ਸਕਣ। ਅਜੇ ਕੁਝ ਸਾਲ ਪਹਿਲਾਂ ਫ਼ਿਰੋਜ਼ਪੁਰ ਜ਼ਿਲੇ ਦੇ ਕਿਸੇ ਪਿੰਡ ਦੇ ਇਕ ਬਜ਼ੁਰਗ ਅਮਰੀਕਾ ਜਾਂ ਕੈਨੇਡਾ ਤੋਂ ਵਾਪਸ ਆਏ। ਇਲਾਕੇ ਦੇ ਪਾਰਟੀ ਸਾਥੀਆਂ ਨੂੰ ਪਤਾ ਲਗਾ ਤਾਂ ਓਹ ਮਿਲਣ ਗਏ। ਇਤਫ਼ਾਕ ਨਾਲ ਉਨ੍ਹਾਂ ਦਿਨਾਂ ਵਿਚ ਕਿਸੇ ਕਾਨਫ਼ਰੰਸ ਦੀ ਤਿਆਰੀ ਹੋ ਰਹੀ ਸੀ। ਪਾਰਟੀ ਸਾਥੀਆਂ ਨੇ ਇਨ੍ਹਾਂ ਬਜ਼ੁਰਗਾਂ ਤੋਂ ਫੰਡ ਮੰਗਿਆ। ਉਨ੍ਹਾਂ ਪੁੱਛਿਆ ਕਿ ਕਿੰਨਾ ਦੇਵਾਂ? ਸਾਥੀਆਂ ਇਕ ਸੌ ਰੁਪਿਆ ਮੰਗਿਆ ਜੋ ਸਾਡੇ ਉਗਰਾਹੀ ਦੇ ਆਮ ਦਰ ਅਨੁਸਾਰ ਕਾਫ਼ੀ ਸਮਝਿਆ ਜਾਂਦਾ ਹੈ। ਬਜ਼ੁਰਗ ਨੇ ਇਕ ਸੌ ਦੇ ਦਿਤਾ ਅਤੇ ਨਾਲ ਕਿਹਾ ਕਿ "ਮੈਂ ਪੈਸੇ ਵਧ ਦੇਣੇ ਚਾਹੁੰਦਾ ਹਾਂ। ਬਾਬਾ ਗੁਰਮੁਖ ਸਿੰਘ ਜਾਂ ਤੇਜਾ ਸਿੰਘ ਸਵਤੰਤਰ ਵਿਚੋਂ ਕਿਸੇ ਨੂੰ ਭੇਜਿਓ।" ਸਾਥੀਆਂ ਨੇ ਬਾਬਾ ਜੀ ਨੂੰ ਖ਼ਬਰ ਦਿਤੀ। ਉਹ ਇਸ ਬਜ਼ੁਰਗ ਕੋਲੋਂ ਯਾਦਗਾਰ ਲਈ ਇਕ ਲੱਖ ਰੁਪਿਆ ਲੈ ਕੇ ਮੁੜੇ।

ਬਿਰਧ ਅਵਸਥਾ ਅਤੇ ਦਿਲ ਦੀ ਬੀਮਾਰੀ, ਮਾਇਓ-ਕਾਰਡੀਅਲ ਇਨਫਰਾਕਸ਼ਨ, ਹੋਣ ਕਾਰਨ ਪਿਛਲੇ ਚੰਦ ਸਾਲਾਂ ਤੋਂ ਬਾਬਾ ਜੀ ਰਾਜਨੀਤੀ ਤੋਂ ਬਿਲਕੁਲ ਅਲਗ ਹੋ ਗਏ ਹਨ। ਪਰ ਆਪਣੇ ਸਰਗਰਮ ਜੀਵਨ ਵਿਚ ਉਹ ਏਨਾ ਕੁਝ ਦੇਸ਼ ਲਈ ਅਤੇ ਲੋਕਾਂ ਲਈ ਕਰ ਗੁਜ਼ਰੇ ਹਨ ਕਿ ਉਨ੍ਹਾਂ ਦਾ ਬੁਢਾਪਾ ਪਰਾਪਤੀ ਵਿਚੋਂ ਪੈਦਾ ਹੁੰਦੀ ਤਸੱਲੀ ਵਿਚ ਗੁਜ਼ਰਨਾ ਚਾਹੀਦਾ ਹੈ। ਪਰ ਉਹ ਇਸ ਰਉਂ ਵਿਚ ਨਹੀਂ ਹਨ ਅਤੇ ਅਕਸਰ ਕਹਿੰਦੇ ਹਨ ਕਿ "ਮੇਰੇ ਉਹ ਸਾਥੀ ਚੰਗੇ ਰਹੇ ਜਿਹੜੇ ਫਾਂਸੀ ਲਗ ਗਏ। ਘਟੋ ਘਟ ਉਨ੍ਹਾਂ ਨੂੰ ਦੇਸ਼ ਦੀ ਮੌਜੂਦਾ ਅਧੋਗਤੀ ਆਪਣੀਆਂ ਅੱਖਾਂ ਸਾਹਮਣੇ ਨਹੀਂ ਵੇਖਣੀ ਪਈ।" ਉਨ੍ਹਾ ਦੀ ਇਸ ਪਹੁੰਚ ਨਾਲ ਕੋਈ ਸਹਿਮਤ ਹੋਵੇ ਜਾਂ ਨਾ, ਪਰ ਕੋਈ ਸੱਚਾ ਇਨਕਲਾਬੀ ਜਿਹੜਾ ਆਪਣਾ ਸਭ ਕੁਝ ਵਾਰ ਕੇ ਵੀ ਆਪਣੇ ਕਲਪਿਤ ਇਨਕਲਾਬ ਨੂੰ ਪਰਾਪਤ ਨਾ ਕਰ ਸਕਿਆ ਹੋਵੇ ਅਤੇ ਹੁਣ ਉਸ ਵਿਚ ਅਗੇਰੇ ਘੋਲ ਕਰਨ ਦੀ ਸਰੀਰਕ ਸਮਰੱਥਾ ਵੀ ਨਾ ਰਹੇ, ਦੇਸ਼ ਨੂੰ ਸਨਮੁਖ ਅਨੇਕ ਸਮੱਸਿਆਵਾਂ ਅਤੇ ਮੌਜੂਦਾ ਸਮਾਜਕ ਪਰਬੰਧ ਦੀਆਂ ਅਮੁੱਕ ਘਾਟਾਂ ਨੂੰ ਵੇਖ ਕੇ ਹੋਰ ਕਿਹੜੇ ਰਉਂ ਵਿਚ ਹੋ ਸਕਦਾ ਹੈ?

ਇਨਕਲਾਬ ਲਈ ਅਣਥਕ ਸੰਘਰਸ਼ ਤੋਂ ਸਿਵਾ ਉਨ੍ਹਾਂ ਦਾ ਕੋਈ ਹੋਰ ਜੀਵਨ ਨਹੀਂ ਰਿਹਾ। ਜ਼ਾਤੀ ਸੰਬੰਧ ਇਨਕਲਾਬੀ ਹਲਕਿਆਂ ਤਕ ਸੀਮਤ ਰਹੇ ਹਨ। ਸ਼ਰਧਾਲੂਆਂ ਦੇ ਘਰਾਂ ਵਿਚ ਉਨ੍ਹਾਂ ਨੂੰ ਬੇਓੜਕ ਸਤਿਕਾਰ ਮਿਲਿਆ ਹੈ। ਸਾਕ ਸੰਬੰਧੀਆਂ ਨਾਲ ਉਨ੍ਹਾਂ ਦਾ ਕੋਈ ਰਿਸ਼ਤਾ ਰਹਿ ਸਕਣਾ ਅਸੰਭਵ ਸੀ। ਉਨ੍ਹਾਂ ਕਾਰਨ ਲਲਤੋਂ ਖ਼ੁਰਦ ਵਿਚ ਕਈ ਦਹਾਕੇ ਪੁਲੀਸ ਚੌਕੀ ਬੈਠੀ ਰਹੀ। ਆਪਣੇ ਘਰ ਵਿਚੋਂ, ਮਾਤਾ ਪਿਤਾ ਜੇਲ ਅਤੇ ਮਫ਼ਰੂਰੀ ਵੇਲੇ ਚਲਾਣਾ ਕਰ ਗਏ। ਏਸੇ ਤਰ੍ਹਾਂ ਛੋਟਾ ਭਰਾ। ਵੱਡਾ ਭਰਾ ੧੯੪੭ ਵੇਲੇ ਫ਼ਸਾਦੀਆਂ ਦੇ ਛੁਰਿਆਂ ਦਾ ਸ਼ਿਕਾਰ ਹੋਇਆ ਜਦ ਉਹ ਕਿਸੇ ਲੋੜਵੰਦ ਨੂੰ ਫਸਾਦ-ਜ਼ਦਾ ਇਲਾਕੇ ਵਿਚੋਂ ਲੰਘਾਉਣ ਦਾ ਪਰਉਪਕਾਰੀ ਕੰਮ ਕਰ ਰਿਹਾ ਸੀ। ਪਰਵਾਰ ਵਿਚੋਂ ਕੇਵਲ ਆਪਣੀ ਭਤੀਜੀ ਦਿਲਬੀਰ ਕੌਰ ਨਾਲ ਮੋਹ ਹੈ ਜਿਹੜਾ ਜ਼ਿੰਦਗੀ ਨਾਲ ਉਨ੍ਹਾਂ ਦਾ ਇਕੋ ਇਕ ਜ਼ਾਤੀ-ਜਜ਼ਬਾਤੀ ਰਿਸ਼ਤਾ ਬਣ ਸਕਿਆ ਹੈ।

ਬਾਬਾ ਜੀ ਦੀ ਪੂਰੀ ਕਹਾਣੀ ਕਦੇ ਜ਼ਰੂਰ ਲਿਖੀ ਜਾਏਗੀ। ਉਸ ਲਈ ਵਧੇਰੇ ਮਸਾਲਾ ਕਾਮਿਨਟਰਨ ਦੇ ਰੀਕਾਰਡ ਵਿਚੋਂ, ਯੂਰਪ, ਅਮਰੀਕਾ ਅਤੇ ਕੈਨੇਡਾ ਦੇ ਮੁਹਾਫ਼ਜ਼-ਖ਼ਾਨਿਆਂ ਵਿਚੋਂ ਅਤੇ ਅੰਗਰੇਜ਼ ਸਰਕਾਰ ਦੇ ਹੋਮ ਡੀਪਾਰਟਮੈਂਟ ਦੀਆਂ ਫ਼ਾਈਲਾਂ ਵਿਚੋਂ ਮਿਲੇਗਾ। ਨਿਰਸੰਦੇਹ ਇਹ ਮਸਾਲਾ ਇਸ ਅਦੁੱਤੀ ਇਨਕਲਾਬੀ ਅਤੇ ਨਵੇਕਲੇ ਮਨੁੱਖ ਬਾਰੇ ਬਹੁਤ ਕੁਝ ਦਸੇਗਾ। ਫ਼ੈਜ਼ ਦਾ ਇਹ ਸ਼ਿਅਰ ਬਾਬਾ ਜੀ ਦੀ ਜ਼ਿੰਦਗੀ ਉਤੇ ਐਨ ਢੁਕਦਾ ਹੈ:

ਜਿਸ ਧਜ ਸੇ ਕੋਈ ਮਕਤਿਲ ਮੇਂ ਗਿਆ,
ਵੁਹ ਸ਼ਾਨ ਸਲਾਮਤ ਰਹਿਤੀ ਹੈ,
ਯਿਹ ਜਾਨ ਤੋ ਆਨੀ ਜਾਨੀ ਹੈ,
ਇਸ ਜਾਂ ਕੀ ਤੋ ਕੋਈ ਬਾਤ ਨਹੀਂ।

VALID UP TO 30 SEPT. 77

THIS COUPON

SAVE TWO DOLLARS

is worth two dollars for

purchase of mixed groceries

of $30.00 at

ਨਿਊ ਸਪਾਈਸਲੈਂਡ

**NEW SPICELAND**

4632 Main St. (29 Ave.)
Vancouver, B.C.
*OPEN SEVEN DAYS A WEEK*

Phone:
874-6624
873-2803

FOR ALL YOUR GROCERY REQUIREMENTS
EAST INDIAN AND CANADIAN
VISIT

# J. B. FOODS

6607 MAIN STREET (Corner of 50th)
321-0224

4531 MAIN STREET (At 29th)
874-3474

We also carry Fresh fruits and vegetables. Special Discount for AKHAND PATHS and weddings.

*For FREE delivery phone 321-0224*

MONDAY TO THURSDAY 9:30 TO 6.00
FRIDAY 9:30 TO 9:00
SATURDAY 9:30 TO 5:30
SUNDAYS NOON TIL 5

For good quality furniture at low prices, come and see us at:

SPECIAL 199.00



*Spring Sale Clearance*

# REGINA FURNITURE

2707 MAIN STREET, VANCOUVER 879-8319

BUYING OR SELLING ANY KIND OF REAL ESTATE
FOR FREE CONSULTATION
CONTACT:

**ONKAR BRAR**

Bus.
438-3501
Res.
524-6340



## HABITAT REALTY LTD.

4280 SLOCAN STREET, VANCOUVER, B.C. V5R 1Z4

**Phone 438-3501**

Real Estate — Mortgages — Insurance

# KR — TV

SALES – SERVICE – RENTALS

TV – Black and White, Color, Stereo,
Tape Recorders

Phone: 321-6015
6674 MAIN STREET

* Philips, Fleetwood, Hitachi ਤੇ Electrophonic ਦੇ Franchised Dealer.
* ਗੁਰਬਾਣੀ ਅਤੇ ਹਿੰਦੀ ਪੰਜਾਬੀ ਗਾਣਿਆਂ ਦੀਆਂ ਟੇਪਾਂ

ਕੰਪਨੀਆਂ ਦੇ ਹਿੱਸੇ Shares, Bonds, Stocks,
Debentures, ਰਜਿਸਟਰਡ ਸਟਾਕਸ ਦੀ ਮਾਰਕੀਟ
ਆਦਿ ਦੀ ਜਾਣਕਾਰੀ ਲਈ:
ਰਜਿਸਟਰਡ ਸੇਲਜ਼ ਰੀਪਰੈਜ਼ੈਂਟੇਟਿਵ
ਕੁਲਦੀਪ ਸਿੰਘ ਸੌਂਦ ਨੂੰ ਫੋਨ ਕਰੋ।

LT. COL. K. S. SAUND (RETD.)
CORPS OF ENGINEERS
M.E., B.SC., C.E., A.M.I.E.
ACCOUNTS EXECUTIVE

**Bond Street International Securities Ltd.**
301 - 580 GRANVILLE ST., VANCOUVER, B.C. V6C 2K3 687-7521
MEMBER VANCOUVER STOCK EXCHANGE

# ਹਾਲਾਂ ਪ੍ਰਨਾਲਾ ਉਥੇ ਹੀ ਹੈ

**ਦੇਵਿੰਦਰ ਦੀਦਾਰ**

ਉਹਨਾਂ ਦੀ ਦੁਸ਼ਮਣੀ ਕਿਸੇ ਖਾਸ ਗਲੋਂ ਨਹੀਂ ਸੀ ਹੋਈ, ਬਸ ਹੋਣੀ ਸੀ ਹੋ ਗਈ। ਕਈ ਸੁਣਨ ਵਾਲਿਆਂ ਤਾਂ ਮਹੀਨਾ ਮਹੀਨਾ ਇਸ ਗਲ ਦਾ ਯਕੀਨ ਹੀ ਨਹੀਂ ਸੀ ਕੀਤਾ ਕਿ ਇਕ ਨਿੱਕੀ ਜਹੀ ਗਲ ਤੋਂ ਦੋਵੇਂ ਮੋਹਰੀ ਇਕ ਦੂਸਰੇ ਦੇ ਵੈਰੀ ਹੋ ਸਕਦੇ ਹਨ। ਇਹ ਤਾਂ ਇਸ ਤਰ੍ਹਾਂ ਹੋਇਆ ਜਿਵੇਂ ਪਹਿਲੇ ਹੀ ਉਹਨਾਂ ਨੂੰ ਕਿਸੇ ਬਹਾਨੇ ਦਾ ਇੰਤਜ਼ਾਰ ਸੀ, ਉਸ ਪਟਾਕੇ ਵਾਂਗ ਜਿਸ ਵਿਚ ਮਸਾਲਾ ਤਾਂ ਭਰਿਆ ਹੁੰਦਾ ਏ ਬਸ ਤੀਲੀ ਲਾਗੇ ਕਰਨ ਦੀ ਦੇਰ ਕਿ ਠਾ...।

ਦੋਹਾਂ ਨੇ ਮੋਹਰੀ ਬਣਦਿਆਂ ਹੀ ਚਿੱਟਾ ਖੱਦਰ ਪਾਉਣਾ ਸ਼ੁਰੂ ਕਰ ਦਿਤਾ ਸੀ ਤੇ ਦਿਨਾਂ ਵਿਚ ਹੀ ਬੱਗਲਿਆਂ ਦੀ ਜੋੜੀ ਮਸ਼ਹੂਰ ਹੋ ਗਈ ਸੀ। ਪਹਿਲਾਂ ਪਹਿਲ ਉਹਨਾਂ ਪਿੰਡ ਦਾ ਕਾਫੀ ਕੁਝ ਸਵਾਰਿਆ ਵੀ ਸੀ। ਪਿੰਡ ਦੀਆਂ ਗਲੀਆਂ ਪੱਕੀਆਂ ਕਰਵਾਈਆਂ, ਸਕੂਲ ਮਨਜ਼ੂਰ ਕਰਵਾਇਆ, ਪਿੰਡ ਵਿਚ ਬਿਜਲੀ ਇਲਾਕੇ ਤੋਂ ਪਹਿਲਾਂ ਲਗਵਾਈ। ਉਹਨਾਂ ਦਿਨਾਂ ਵਿਚ ਤਾਂ ਕਾਫੀ ਲੀਡਰ ਤੇ ਸਰਕਾਰੀ ਉਚ-ਅਧਿਕਾਰੀ ਵੀ ਪਿੰਡ ਦੇ ਦੌਰੇ ਤੇ ਰਹਿੰਦੇ ਸਨ। ਪਿੰਡ ਦੇ ਚੁਫੇਰੇ ਕਾਫੀ ਪੋਹਲੀ ਸੀ, ਸਾਰੀ ਪੋਹਲੀ ਦਾ ਪੂਰਾ-ਪੰਜ ਮੁਕਾਣਾ ਵੀ ਇਨ੍ਹਾਂ ਮੋਹਰੀਆਂ ਦਾ ਕੰਮ ਏ। ਪਰ ਵਕਤ ਬੀਤਣ ਨਾਲ ਪਹਿਲਾਂ ਉਹਨਾਂ ਨੂੰ ਕੁੱਜੀ ਦਾ ਪਤਾ ਲਗਾ ਤੇ ਫੇਰ ਕੁੱਜੀ ਚੋਂ ਗੁੜ ਕਢਣਾ ਵੀ ਆ ਗਿਆ ਸਾਰੀ ਬਣਦੀ ਦੀ ਗਲ ਸੀ ਜੇ ਕਿਧਰੇ ਪੈਸਾ ਵੀ ਇਕ ਦੇ ਹੱਥ ਲੱਗਦਾ ਤਾਂ ਉਹ ਦੋਵੇਂ ਅੱਧਾ ਅੱਧਾ ਕਰਦੇ।

ਪਰ ਅਚਾਨਕ ਦੋਹਾਂ ਵਿਚ ਇਕ ਤ੍ਰੇੜ ਜਹੀ ਆ ਗਈ ਤੇ ਦੋਵੇਂ ਇਕ ਦੂਸਰੇ ਦੀਆਂ ਬੱਦ-ਪੋਈਆਂ ਕਰਨ ਲਗ ਪਏ। ਇਸ ਛੋਟੀ ਜਹੀ ਘਟਨਾ ਨੇ ਦੋਹਾਂ ਨੂੰ ਮੂੰਹ-ਫੁਟ ਦੁਸ਼ਮਣ ਬਣਾ ਦਿਤਾ। ਅਸਲ ਵਿਚ ਇਕ ਦਿਨ ਰਾਤ ਦੇ ਕੋਈ ਗਿਆਰਾਂ ਵਜੇ ਦੇ ਕਰੀਬ ਵਡਾ ਤੇ ਛੋਟਾ ਥਾਣੇਦਾਰ ਆਏ। ਵਡੇ ਮੋਹਰੀ ਦਾ ਘਰ ਰਾਹ ਵਲ ਪੈਂਦਾ ਸੀ ਸੋ ਉਹਨਾਂ ਨੇ ਉਥੇ ਹੀ ਡੇਰੇ ਲਾ ਲਏ, ਘਰ ਦਾ ਮੁਰਗਾ ਸੀ ਤੇ ਘਰ ਦੀ ਸ਼ਰਾਬ ਸੋ ਥਾਣੇਦਾਰਾਂ ਦੀ ਕਾਫੀ ਸੇਵਾ ਕੀਤੀ ਗਈ, ਕਾਫੀ ਰਾਤ ਹੋ ਗਈ ਹੋਈ ਸੀ, ਵਡੇ ਮੋਹਰੀ ਦਾ ਕਹਿਣਾ ਏ ਕਿ ਏਨੀ ਰਾਤ ਗਏ ਉਸ ਨੇ ਛੋਟੇ ਮੋਹਰੀ ਨੂੰ ਤਕਲੀਫ ਦੇਣੀ ਠੀਕ ਨਾ ਸਮਝੀ।

ਪਰ ਦੂਸਰੇ ਪਾਸੇ ਛੋਟੇ ਮੋਹਰੀ ਨੇ ਇਸੇ ਗੱਲ ਨੂੰ ਲੈ ਕੇ ਪਿੰਡ ਚੁਕਣੇ ਲੈ ਲਿਆ ਸੀ। ਸਿੱਧੇ-ਸਿੱਧ ਉਸ ਨੇ ਵੱਡੇ ਮੋਹਰੀ ਦੀ ਨੀਅਤ ਤੇ ਸ਼ੱਕ ਕੀਤਾ ਕਿ ਰਾਤ ਉਸ ਨੇ ਮੇਰੇ ਬਰਖਿਲਾਫ ਕੋਈ ਸਾਜ਼ਸ਼ ਰਚੀ ਏ ਤੇ ਇਸ ਗਲ ਦਾ ਸਬੂਤ ਉਸ ਕੋਲ ਇਹ ਸੀ ਕਿ ਉਸ ਬਿਨਾ ਦੋਹਾਂ ਥਾਣੇਦਾਰਾਂ ਨੂੰ ਘਰ ਸੱਦ ਕੇ ਪਿਆਉਣ ਦਾ ਹੋਰ ਕੀ ਮਕਸਦ ਹੋ ਸਕਦਾ ਏ 'ਤੇ ਉਸ ਦਿਨ ਤੋਂ ਹੀ ਸਾਰੇ ਪਿੰਡ ਵਾਲੇ ਉਹਨਾਂ ਦੋਹਾਂ ਨੂੰ ਇਕ ਦੂਸਰੇ ਦਾ ਦੁਸ਼ਮਣ ਸਮਝਦੇ ਸਨ।

ਪਿੰਡ ਦਾ ਛੋਟਾ ਮਸਲਾ ਹੋਵੇ ਜਾਂ ਵਡਾ ਮੁਕਦਮਾ ਪਹਿਲਾਂ ਜਿਵੇਂ ਉਹ ਬਿਨਾ ਪੁੱਛੇ ਗਿੱਛੇ ਇਕ ਦੂਸਰੇ ਦੀ ਹਾਮੀ ਭਰਦੇ ਸਨ ਹੁਣ ਬਿਨਾਂ ਸੋਚੇ-ਸਮਝੇ ਇਕ ਦੂਸਰੇ ਦੀ ਮੁਖਾਲਫਤ ਕਰਦੇ ਹਨ। ਪਹਿਲਾਂ ਪਿੰਡ ਦੀਆ ਛੋਟੀਆਂ ਮੋਟੀਆਂ ਗੱਲਾਂ ਪਿੰਡ ਵਿਚ ਹੀ ਨਿਪਟਾ ਲਈਆ ਜਾਂਦੀਆਂ ਸਨ, ਪਰ ਹੁਣ ਜੇ ਕੋਈ ਭਰੀ ਪਠਿਆਂ ਦੀ ਵੱਢ ਖੜਦਾ, ਜੇ ਕਿਸੇ ਦੀ ਕੁੜੀ ਦੀ ਪੱਤ ਰੋਲੀ ਹੋ ਜਾਂਦੀ, ਕੋਈ ਸ਼ਰਾਬ ਕੱਢਣ ਵਾਲਾ ਕਿਸੇ ਦੀਆਂ ਪਾਥੀਆਂ ਜਾਂ ਲੱਕੜਾਂ ਚੁੱਕ ਖੜਦਾ ਜਾਂ ਕੋਈ ਵੀ ਹੋਰ ਛੋਟੀ ਮੋਟੀ ਘਟਨਾ ਹੋ ਜਾਂਦੀ ਤਾਂ ਝੱਟ ਮਸਲਾ ਥਾਣੇ ਪਹੁੰਚ ਜਾਂਦਾ। ਜੇ ਵੱਡਾ ਮੋਹਰੀ ਇਕ ਪਾਰਟੀ ਨਾਲ ਸੱਤ ਵਾਲੀ ਬੱਸੇ ਸ਼ਹਿਰ ਜਾਂਦਾ ਤਾਂ ਛੋਟਾ ਮੋਹਰੀ ਵੀ ਉਸ ਦੇ ਪਿਛੇ ਪਿਛੇ ਟਾਂਗਾ ਜਾਂ ਟੈਂਪੂ ਫੜ ਕੇ ਦੂਸਰੀ ਪਾਰਟੀ ਨਾਲ ਸ਼ਹਿਰ ਵਲ ਭੱਜ ਉੱਠਦਾ।

ਉਹ ਦੋਵੇਂ ਹੁਣ ਇਕ ਪਾਰਟੀ ਨਾਲ ਨਹੀਂ ਸਨ ਬੱਝੇ ਹੋਏ। ਜੇ ਵੱਡੇ ਮੋਹਰੀ ਨੇ ਖੱਦਰ ਪਾ ਲਿਆ ਤਾਂ ਛੋਟੇ ਮੋਹਰੀ ਨੇ ਝੱਟ ਨੀਲੀ ਦਸਤਾਰ ਸਜਾ ਲੈਣੀ ਏ ਤੇ ਜੇ ਵੱਡੇ ਮੋਹਰੀ ਨੇ ਨੀਲੀ ਬੰਨ ਲੈਣੀ ਤਾਂ ਛੋਟੇ ਮੋਹਰੀ ਨੇ ਅਗਲੇ ਦਿਨ ਹੀ ਖੱਦਰ ਦੀ ਪੁਸ਼ਾਕ ਪਾ ਲੈਣੀ। ਗਲ ਕੀ ਦੋਹਾਂ ਦਾ ਮਕਸਦ, ਪੰਚਾਇਤੀ ਚੋਣਾਂ ਤੋਂ ਲੈ ਕੇ ਐਮ-ਪੀ ਦੀਆਂ ਚੋਣਾਂ ਤਕ ਡਟਵੀ ਮੁਕਾਬਲੇ-ਬੰਦੀ ਏ। ਦੋਹਾਂ ਨੂੰ ''ਕਿਸੇ ਵੀ ਉਮੀਦਵਾਰ'' ਨਾਲ ਕੋਈ ਵਾਸਤਾ ਨਹੀਂ ਏ।

ਬਾਕੀ ਲੋਕਾਂ ਦੀ ਸਿਆਣਪ ਵੱਡੇ ਮੋਹਰੀ ਜਾਂ ਛੋਟੇ ਮੋਹਰੀ ਦੀ ਪਿਛ-ਲਗਣੀ ਕਰਨ ਤਕ ਹੀ ਸੀਮਤ ਹੈ। ਜਿਸ ਮੋਹਰੀ ਨੇ ਵੀ ਉਹਨਾਂ ਦੀ ਝੂਠੀ-ਸੱਚੀ ਗੱਲ ਦੀ ਥੋੜੀ ਬਹੁਤੀ ਹਾਮੀ ਭਰੀ ਉਹ ਉਸਦੇ ਪਿਛੇ ਲਗ ਲਾ...ਪਾ...ਲਾ...ਲਾ ਕਰਨ ਲੱਗ ਪੈਂਦੇ। ਕਈ ਵਾਰ ਨਿਗੂਣੀਆਂ ਗੱਲਾਂ ਤੋਂ ਵੀ ਇਹਨਾਂ ਵੱਡੇ ਤੇ ਮੋਹਰੀ ਛੋਟੇ ਮੋਹਰੀ ਦੇ ਪਿੱਛੇ ਲਗੇ ਆਪਸ ਵਿਚ ਸਿਰ ਪਾੜ-ਪਾੜਵਾਏ ਹਨ ਤੇ ਛੇ-ਛੇ ਮਹੀਨਿਆਂ ਤੱਕ ਜੇਲ ਯਾਤ੍ਰਾ ਵੀ ਕੀਤੀ। ਜਦੋਂ ਕਿ ਇਹਨਾਂ ਲੋਕਾਂ ਦੀ ਆਪਸ ਵਿਚ ਕੋਈ ਦੁਸ਼ਮਣੀ ਨਹੀਂ ਸੀ।

ਪਿੰਡ ਵਿਚ ਕੋਈ ਵੀ ਤੇਜਾ ਸਿੰਘ ਅਮਲੀ ਦੀ ਗੱਲ ਸੁਣਨ ਨੂੰ ਤਿਆਰ ਨਹੀਂ ਸੀ ਜੋ ਜਦੋਂ ਵੀ ਜ਼ਿਆਦਾ ਸ਼ਰਾਬੀ ਹੋ ਜਾਂਦਾ ਤਾਂ ਆਖਦਾ ਸੀ, "ਓਏ ਮੈਨੂੰ ਸਭ ਪਤੈ, ਇਹ ਮੋਹਰੀ ਧਾਣੇਵਾਹਾ ਵਾਲੀ ਲੈ ਕੇ ਚਲ ਰਹੇ ਹਨ। ਮੈਨੂੰ ਸਭ ਪਤੈ...।" ਅਗਲੇ ਦਿਨ ਜੇ ਕੋਈ ਤੇਜਾ ਸਿੰਘ ਤੋਂ ਧਾਣੇਵਾਹਾ ਵਾਲੀ ਗੱਲ ਪੁੱਛਦਾ ਤਾਂ ਉਹ ਸਾਫ਼ ਮੁੱਕਰ ਜਾਂਦਾ। ਜਿਵੇਂ ਮੈਂ ਕੋਈ ਇਸ ਤਰ੍ਹਾਂ ਦੀ ਗੱਲ ਕੀਤੀ ਸੀ ਤੇ ਪਿੰਡ ਵਿਚ ਵੀ ਕੋਈ ਇਸ ਤਰ੍ਹਾਂ ਦਾ ਆਦਮੀ ਨਹੀਂ ਸੀ ਜੋ ਤੇਜਾ ਸਿੰਘ ਦੀ ਗੱਲ ਵਲ ਗੌਰ ਕਰਦਾ ਜਾਂ ਉਸਨੂੰ ਪੂਰੀ ਗੱਲ ਪੁੱਛਦਾ।

ਉਹਨਾਂ ਨੂੰ ਤਾਂ ਆਪਣੀ ਜ਼ਿੰਦਗੀ ਦੇ ਰੋਜ਼ਾਨਾ ਕੰਮਾਂ ਤੋਂ ਬਿਨਾਂ ਹੋਰ ਕਿਸੇ ਗੱਲ ਨਾਲ ਵਾਸਤਾ ਨਹੀਂ ਏ। ਸਾਰਾ ਦਿਨ ਮਿੱਟੀ ਵਿਚ ਮਿੱਟੀ ਹੋ ਕੇ ਰਹਿੰਦੇ ਹਨ, ਨਾ ਉਹਨਾਂ ਨੂੰ ਦੀਨ ਦਾ ਫ਼ਿਕਰ ਏ ਨਾ ਹੀ ਦੁਨੀਆਂ ਦੀ ਖ਼ਬਰ। ਪ੍ਰਧਾਨ ਮੰਤਰੀ ਹਰ-ਛੇ ਮਹੀਨੇ ਬਾਂਦ ਕਿਉਂ ਮੰਤਰੀਆਂ ਦੇ ਮਹਿਕਮੇ ਬਦਲ ਦੇਂਦੀ ਏ? ਕਰਤਾਰ ਸਿੰਘ ਦੀ ਮਾਂ ਨੂੰ ਕਿਉਂ ਪੰਜੀ ਛੱਬੀ ਸਾਲਾਂ ਬਾਦ ਕਾਲਾਂ ਕੋਠੀਆਂ ਮਿਲੀਆਂ ਹਨ? ਤੀਜੇ ਪੇ-ਕਮਿਸ਼ਨ ਦੇ ਨਾਲ ਹੀ ਪ੍ਰਮਾਣੂ ਧਮਾਕੇ ਦੀ ਕੀ ਜ਼ਰੂਰਤ ਸੀ? ਸ਼ਹੀਦ ਊਧਮ ਸਿੰਘ ਦੀਆਂ ਅਸਥੀਆਂ ਦਾ ਸਾਰੇ ਦੇਸ਼ ਵਿਚ ਕਿਉਂ ਦਿਖਾਲਾ ਕੀਤਾ ਗਿਆ? ਸਾਡੀ ਸਰਕਾਰ ਵਿਚ ਕਿੰਨੇ ਕਿਰਸਨ ਹਨ ਜੋ ਵਾਟਰ-ਗੇਟ ਤੋਂ ਵੀ ਵੱਡੇ ਮਸਲੇ ਅੰਦਰ ਬਣੇ ਦੱਬੀ ਫਿਰਦੇ ਹਨ? ਜੈ ਪ੍ਰਕਾਸ਼ ਨਰਾਇਣ ਦੇ ਅੰਦੋਲਨ ਦੇ ਨਾਲ ਹੀ ਸਮਗਲਰਾਂ ਦੀ ਫੜ-ਫੜਾਈ ਕਿਉਂ ਹੋ ਰਹੀ ਹੈ? ਚੋਣਾਂ ਦੇ ਲਾਗੇ ਕਿਉਂ ਬਿਜਲੀ ਸਾਰਾ ਸਾਰਾ ਦਿਨ ਆਉਣ ਲਗ ਪੈਂਦੀ ਏ ਤੇ ਕਿਉਂ ਜ਼ਰੂਰਤ ਦੀਆਂ ਚੀਜ਼ਾਂ ਸਸਤੀਆਂ ਹੋ ਜਾਂਦੀਆਂ ਹਨ? ਨਾ ਹੀ ਧਾਣੇਵਾਹਾ ਵਾਲੀ ਗੱਲ ਬਾਰੇ ਪਤਾ ਲਾਉਣ ਦੀ ਕਿਸੇ ਨੂੰ ਦਿਲਚਸਪੀ ਏ? ਉਹਨਾਂ ਦੀ ਦਿਲਚਸਪੀ ਕਹਿ ਲਉ ਜਾਂ ਸਮਝ ਕਹਿ ਲਉ ਰੋਟੀ ਤਕ ਹੀ ਸੀਮਤ ਏ ਜੋ ਉਪਰਲੀਆਂ ਗੱਲਾਂ ਬਾਰੇ ਸੋਚ ਕੇ ਨਹੀਂ ਮਿਲਦੀ ਸਗੋਂ ਰੋਟੀ ਦੇ ਅੱਗੇ ਪਿਛੇ ਨੱਠਣ-ਟੱਪਣ ਬਾਦ ਨਸੀਬ ਹੁੰਦੀ ਏ।

ਹਾਂ, ਤਰਕਾਲਾਂ ਪੈਂਦਿਆਂ ਸਾਰ ਉਹ ਵੱਡੇ ਮੋਹਰੀ ਜਾਂ ਛੋਟੇ ਮੋਹਰੀ ਦੀਆਂ ਹਦਾਇਤਾਂ ਸੁਣਨੀਆਂ ਨਹੀਂ ਸਨ ਭੁੱਲਦੇ ਤੇ ਮੁਖਾਲਫ਼ ਪਾਰਟੀ ਬਾਰੇ ਸੁਣੀਆਂ ਸੁਣਾਈਆਂ ਗੱਲਾਂ ਨੂੰ ਰੰਗ ਚਾੜ੍ਹ ਕੇ ਗੱਲਾਂ ਦੱਸਣੀਆਂ ਵੀ ਉਹਨਾਂ ਦੀ ਆਦਤ ਜਿਹੀ ਬਣ ਗਈ ਏ। ਉਹ ਆਪਣੇ ਕੋਲੋਂ ਹੀ ਸ਼ਨਾਖ਼ਤ ਕਰ ਲਿਆ ਕਰਦੇ ਕਿ ਕਿਹੜਾ ਮੋਹਰੀਆਂ ਦੀਆਂ ਗੋਲਾਂ ਵਿਚ ਪੈਂਦੇ ਹਨ ਜਾਂ ਵੱਡੇ ਮੋਹਰੀ ਜਾਂ ਛੋਟੇ (ਜਿਹੜੀ ਵੀ ਬੈਠਕ ਹੁੰਦੀ) ਮੋਹਰੀ ਦੇ ਨਾਂ ਲਗਾਦਾ।

ਦੋਹਾਂ ਮੋਹਰੀਆਂ ਨੇ ਚਾਰ-ਚਾਰ ਪੰਜ ਪੰਜ ਮੁੰਡੇ ਪਾਲੇ ਹੋਏ ਹਨ ਜਿਨ੍ਹਾਂ ਦੇ ਸ਼ਰਾਬ ਪਾਣੀ ਦਾ ਭਾਰ ਮੋਹਰੀ ਖ਼ੁਦ ਚੁੱਕਦੇ ਹਨ। ਇਹਨਾਂ 'ਪਾਲਤੂ ਮੁੰਡਿਆਂ' ਦਾ ਕੰਮ ਸਿਰਫ਼ ਏਨਾ ਏ ਕਿ ਐਵੇਂ ਕੁਵੇਲੇ ਤਾਸ਼ ਸੱਟਾ ਚਲਾਉਂਦੇ ਰਹਿਣਾ। ਜਿਵੇਂ ਦੂਸਰੀ ਪਾਰਟੀ ਵਾਲਿਆਂ ਦੇ ਕੋਈ ਵਿਆਹ ਸ਼ਾਦੀ ਹੋਵੇ ਜਾਂ ਕੋਈ ਹੋਰ ਦਿਨ ਤਿਉਹਾਰ, ਇਹਨਾਂ ਜਾ ਕੇ ਖਰੀ-ਖਰਾਬੀ ਕਰਨੀ, ਚੀਕਾਂ-ਚਾਂਗਰਾਂ ਮਾਰ ਕੇ ਦੂਸਰੇ ਦੇ ਰੰਗ ਵਿਚ ਭੰਗ ਪਾਉਣੀ। ਸਿਰ-ਮੱਥੇ ਪਾਟਣ ਬਾਦ ਮੁਕੱਦਮੇਬਾਜ਼ੀ ਤੇ ਪੈਸਾ ਮੋਹਰੀਆਂ ਦਾ ਨਹੀਂ ਸਗੋਂ ਸਾਰੀ ਪਾਰਟੀ ਵਜੋਂ ਉਗਰਾਹੀ ਕਰਕੇ ਲਾਇਆ ਜਾਂਦਾ। ਮੋਹਰੀਆਂ ਦਾ ਕੰਮ ਸਿਰਫ਼ ਫ਼ਰਮਾਇਸ਼ਾਂ ਲਗਾਉਣੀਆਂ ਜਾਂ ਵਕੀਲ ਵਗੈਰਾ ਕਰਕੇ ਦੇਣਾ ਹੀ ਸੀ।

ਪਿਛੇ ਜਹੇ ਪਿੰਡ ਵਿਚ ਬਣਨੀ ਸੜਕ ਨੂੰ ਲੈ ਕੇ ਦੋਹਾਂ ਮੋਹਰੀਆਂ ਨੂੰ ਕਾਫ਼ੀ ਝਟਕਾ ਪਿਆ ਸੀ। ਪੱਕੀ ਸੜਕ ਤੋਂ ਲੈ ਕੇ ਪਿੰਡ ਤਕ ਦੋ ਫਿਰਨੀਆਂ ਆਉਂਦੀਆਂ ਸਨ। ਵੱਡੇ ਮੋਹਰੀ ਨੇ ਇਕ ਫਿਰਨੀ ਪੱਕੀ ਕਰਨ ਦੀ ਸਿਫ਼ਾਰਸ਼ ਕੀਤੀ ਤਾਂ ਛੋਟੇ ਮੋਹਰੀ ਨੇ ਝੱਟ ਦੂਸਰੀ ਫਿਰਨੀ ਪੱਕੀ ਕਰਵਾਉਣ ਦਾ ਐਲਾਨ ਕਰ ਦਿੱਤਾ। ਉਹਨਾਂ ਦੇ ਹਮਾਇਤੀਆਂ ਨੇ ਵੀ ਇਸ ਨੂੰ 'ਪੱਤ ਦੀ ਬਾਜ਼ੀ' ਸਮਝ ਦੋਹਾਂ ਐਲਾਨ ਨਾਮਿਆਂ ਦਾ ਪੂਰੇ ਜ਼ੋਰ ਸ਼ੋਰ ਨਾਲ ਸੁਆਗਤ ਕੀਤਾ। ਦੋਹਾਂ ਮੋਹਰੀਆਂ ਵਲੋਂ ਬੀ.ਡੀ.ਓ. ਤੋਂ ਲੈ ਕੇ ਇਲਾਕੇ ਦੇ ਵਜ਼ੀਰ ਤਕ ਆਪਣਾ ਆਪਣਾ ਰਸੂਖ਼ ਵਰਤਿਆ ਜਾਣ ਲਗਾ। ਸਭ ਤੋਂ ਮਜ਼ੇਦਾਰ ਗੱਲ ਇਹ ਸੀ ਕਿ ਨਾਂ ਤਾਂ ਵਜ਼ੀਰ ਨੇ ਦੋਹਾਂ 'ਚੋਂ ਕਿਸੇ ਨੂੰ ਇਨਕਾਰ ਕੀਤਾ ਸੀ ਤੇ ਨਾ ਹੀ ਬੀ.ਡੀ.ਓ. ਨੇ ਹੀ ਕਿਸੇ ਨੂੰ ਇਨਕਾਰ ਕੀਤਾ ਸੀ। ਜਿਹੜਾ ਮੋਹਰੀ ਵੀ ਉਹਨਾਂ ਕੋਲ ਪਹੁੰਚਦਾ, ਬਸ ਉਸੇ ਨੂੰ ਹੀ ਇਹੋ ਹੀ ਜਵਾਬ ਮਿਲਦੇ, "ਤੁਹਾਡੇ ਵਾਲੀ ਸੜਕ ਦੀ ਹੀ ਸਾਨੂੰ ਸਰਕਾਰ ਵਲੋਂ ਮਨਜ਼ੂਰੀ ਮਿਲੀ ਏ, ਦੂਸਰੇ ਤੁਹਾਡੇ ਪਿੰਡ ਵਾਲੇ ਦੀ ਤਾਂ ਦਿਲ-ਰੱਖੀ ਹੀ ਕਰੀਦੀ ਏ।"

ਦੋਹਾਂ ਮੋਹਰੀਆਂ ਨੇ ਆਪਣੇ ਆਪਣੇ ਐਲਾਨ-ਨਾਮਿਆਂ ਅਨੁਸਾਰ ਫਿਰਨੀਆਂ 'ਤੇ ਮਿੱਟੀ ਪੁਆਉਣੀ ਸ਼ੁਰੂ ਕਰ ਦਿੱਤੀ ਤੇ ਪੈਸੇ ਇਕੱਠੇ ਕਰਕੇ ਬੀ.ਡੀ.ਓ. ਓਵਰਸੀਅਰ ਜਾਂ ਹੋਰ ਸੰਬੰਧਤ ਅਫ਼ਸਰਾਂ ਦੀ ਸੇਵਾ ਵਿਚ ਭੇਟ ਕਰਨੇ ਵੀ ਸ਼ੁਰੂ ਕਰ ਦਿੱਤੇ, ਤੇ ਆਪਣੀ-ਆਪਣੀ ਪਹੁੰਚ ਦੇ ਐਮ.ਐਲ.ਏ., ਐਮ.ਪੀ. ਜਾਂ ਮਨਿਸਟਰ ਕੋਲੋਂ ਸੰਬੰਧਤ ਅਫ਼ਸਰਾਂ ਨੂੰ ਫ਼ੋਨ ਕਰਵਾਏ ਜਾਣ ਲਗੇ। ਇਸ ਨਾਲ ਜੋ ਫਿਰਨੀ ਪੱਕੀ ਹੋਣੀ ਸੀ ਉਹ ਤਾਂ ਕੀ ਬਣਨੀ ਸਗੋਂ ਪੰਜ-ਛੇ ਮਹੀਨੇ ਪਛੜ ਕੇ ਪੱਕੀ ਹੋਈ। ਸਬੱਬੀਂ ਉਹ ਸੜਕ ਉਹੋ ਸੀ ਜਿਸਦੀ ਵੱਡੇ ਮੋਹਰੀ ਨੇ ਹਮਾਇਤ ਕੀਤੀ ਸੀ। ਸੋ ਉਸ ਦਿਨ ਉਹਦੇ ਪਿੰਡ-ਲੁਗਾੜਿਆਂ ਵਲੋਂ ਉਹਦੇ ਨਾਂ ਤੇ ਕਾਫ਼ੀ ਸ਼ਰਾਬ ਪੀ ਕੇ ਖ਼ੁਸ਼ੀ ਮਨਾਈ ਗਈ।

ਇਸ ਵਾਰ ਪਿੰਡ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਮਨਾਉਣ ਲੱਗਿਆਂ ਵੀ ਬਹੁਤ ਵੱਡਾ ਹੰਗਾਮਾ ਹੋਇਆ। ਇਕ ਗੁਰਦੁਆਰੇ ਵਿਚ ਹੀ ਦੋਹਾਂ ਮੋਹਰੀਆਂ ਦੀ ਨਿਗਰਾਨੀ ਨਾਲ ਦੋ ਅਖੰਡ ਪਾਠ ਧਰੇ ਗਏ। ਗੱਲ ਇਸ ਤਰ੍ਹਾਂ ਹੋਈ ਕਿ ਸਾਰੇ ਪਿੰਡ ਨੇ ਗੁਰਪੁਰਬ ਮਨਾਉਣ ਲਈ ਦਸ-ਦਸ ਰੁਪਏ ਉਗਰਾਹੀ ਲਾਉਣ ਦਾ ਫ਼ੈਸਲਾ ਕੀਤਾ। ਪਰ ਇਕ ਮਜ਼ਦੂਰ ਕੋਲ ਪੈਸੇ ਨਹੀਂ ਸਨ ਉਸਨੇ ਦਾਣਿਆਂ ਦਾ ਪੀਪਾ ਦੇਣਾ ਚਾਹਿਆ ਪਰ ਉਗਰਾਹੀ ਲੈਣ ਵਾਲਿਆਂ ਨੇ ਪੈਸੇ ਲੈਣ ਦੀ ਜ਼ਿਦ ਕੀਤੀ ਤੇ ਗਲ ਮੈਂ-ਮੈਂ...ਤੂੰ ਤੂੰ...ਤਕ ਪਹੁੰਚ ਗਈ। ਦਾਣੇ ਦੇਣ ਵਾਲਾ ਛੋਟੇ ਮੋਹਰੀ ਦਾ ਆਦਮੀ ਸੀ ਤੇ ਉਗਰਾਹੀ ਕਰਨ ਵਾਲੇ ਵੱਡੇ ਮੋਹਰੀ ਦੇ। ਸੋ ਗੱਲ ਫੇਰ ਵੱਡੇ ਮੋਹਰੀ ਤੇ ਛੋਟੇ ਮੋਹਰੀ ਦੇ ਮੁਕਾਬਲੇ ਤੇ ਆ ਗਈ ਤੇ ਵਧਦੀ ਵਧਦੀ ਪਿੰਡ ਵਿਚ ਇਕ ਹੀ ਗੁਰਦੁਆਰੇ ਵਿਚ ਇਕੱਠੇ ਦੋ ਅਖੰਡ ਪਾਠ ਧਰਾਏ ਜਾਣ ਤੇ ਮੁੱਕੀ। ਇਕ ਪਾਰਟੀ ਨੇ ਦਸ ਦਸ ਰੁਪਏ ਇਕੱਠੇ ਕੀਤੇ ਤੇ ਦੂਸਰੀ ਪਾਰਟੀ ਨੇ ਪੀਪਾ ਪੀਪਾ ਦਾਣਿਆਂ ਦਾ। ਦੋ ਤਰ੍ਹਾਂ ਦੇ ਪਾਠੀ, ਦੋ ਤਰ੍ਹਾਂ ਦੇ ਹੀ ਰਾਗੀ-ਢਾਡੀ, ਦੋ ਹੀ ਕੜਾਹ ਪ੍ਰਸ਼ਾਦ ਦੀਆਂ ਦੇਗਾਂ ਦੂਸਰੇ ਲਫ਼ਜ਼ਾਂ ਵਿਚ ਹਰ ਗਲ ਦੋਹਰੀ ਦੋਹਰੀ। ਜੇ ਇਕ ਪਾਰਟੀ ਨੇ ਆਪਣੇ ਰਾਗੀ ਨੂੰ ਇਕ ਇਕ ਰੁਪਿਆ ਦਿੱਤਾ ਤਾਂ ਦੂਸਰੀ ਪਾਰਟੀ ਨੇ ਵੀ ਆਪਣੇ ਰਾਗੀ ਨੂੰ ਜ਼ਰੂਰ ਰੁਪਿਆ ਦੇਣਾ। ਜੋ ਗਲ ਹੁੰਦੀ ਹੁੰਦੀ ਬਚੀ ਉਹ ਇਹ ਕਿ 'ਦੂਸਰਾ ਪਾਠ' ਪੜ੍ਹਦਿਆਂ ਪੜ੍ਹਦਿਆਂ ਹੀ ਬਹਿਆ ਜਾਂਦੈ

ਕਿ ਸੋਟੇ ਸ਼ੁਰੂ ਤੋਂ ਅਖੀਰ ਤਕ ਦੋਹਾਂ ਨੇ ਲਾਗੇ ਰਖੇ ਹੋਏ ਸਨ।

ਤੇਜਾ ਸਿੰਘ 'ਵਿਚ-ਵਾਰ' ਆਪਣੀ ਥਾਣੇਦਾਰਾਂ ਵਾਲੀ ਗੱਲ ਦੀ ਰਟ ਲਾ ਲੈਂਦਾ ਹੁੰਦਾ ਸੀ। ਪਰ ਪੂਰੀ ਗੱਲ ਕਿਸੇ ਨੂੰ ਨਹੀਂ ਸੀ ਦਸਦਾ। "ਅਖੇ, ਮੇਰਾ ਵਕਾਰ ਠੰਡਾ ਪੈ ਜਾਊ, ਮੈਨੂੰ ਬੋਤਲਾਂ ਕੌਣ ਦੇਊ ਉਏ, ਬੱਸ, ਮੈਨੂੰ ਪਤੈ, ਦੋਵੇਂ ਮੋਹਰੀ ਥਾਣੇਦਾਰਾਂ ਵਾਲੀ 'ਲੈਣ' ਤੇ ਚਲ ਰਹੇ ਨੇ।" ਕਦੀ ਵੀ ਉਸਨੇ ਗੋਡਿਆਂ ਤਕ ਪਾਣੀ ਨਾ ਆਉਣ ਦਿਤਾ, ਪਰ ਲੋਕਾਂ ਨੂੰ ਦਾਲ ਵਿਚ ਕਾਲੇ ਦਾ ਸ਼ੱਕ ਪੈ ਗਿਆ ਸੀ।

ਕੁਝ ਦਿਨ੍ਹ ਹੋਏ ਪਿੰਡ ਦੇ ਕੁਝ ਸਿਆਣੇ ਕਾਲਜੀਏਟ ਮੁੰਡਿਆਂ ਨੇ ਉੱਦਮ ਕੀਤਾ ਤੇ ਇਕ ਅੰਗ੍ਰੇਜ਼ੀ ਬੋਤਲ ਲਿਆ ਕੇ ਤੇਜਾ ਸਿੰਘ ਨੂੰ ਵਖਾਈ ਤੇ ਨਾਲ ਹੀ ਆਪਣੀ ਗੱਲ ਦੁਹਰਾਈ "ਜੇ ਥਾਣੇਦਾਰਾਂ ਵਾਲੀ ਗੱਲ ਦਸ ਦਏਂ ਤਾਂ ਇਹ ਬੋਤਲ ਪੀਣ ਲਈ ਮਿਲ ਜਾਏਗੀ ਤੇ ਅਸੀਂ ਕਿਸੇ ਨੂੰ ਦੱਸਾਂਗੇ ਵੀ ਨਹੀਂ ਕਿ ਸਾਨੂੰ ਇਹ ਗਲ ਤੇਜਾ ਸਿੰਘ ਨੇ ਦੱਸੀ ਏ।" ਪਹਿਲਾਂ ਤਾਂ ਤੇਜਾ ਸਿੰਘ ਨੇ ਇਕ ਦਮ ਮੁੱਕਰ ਗਿਆ ਕਿ ਉਸਨੂੰ ਕਿਸ ਤਰ੍ਹਾਂ ਦੀ ਕਿਸੇ ਗੱਲ ਦਾ ਪਤਾ ਏ, ਪਰ ਅੰਗ੍ਰੇਜ਼ੀ ਸ਼ਰਾਬ ਦੀ ਬੋਤਲ ਵੇਖ ਕੇ ਉਸਦੀਆਂ ਗਲ੍ਹਾਂ ਵਗ ਤੁਰੀਆਂ ਤੇ ਕਿਸੇ ਅੱਗੇ ਗੱਲ ਨਾ ਕਰਨ ਬਾਰੇ ਸੁਣਕੇ ਹੌਲੀ ਹੌਲੀ ਕਹਿਣ ਲਗਾ।

"ਉਸ ਦਿਨ ਜਿੱਦਣ ਦੋਵੇਂ ਥਾਣੇਦਾਰ ਪਿੰਡ ਆਏ ਸੀ ਨਾ, ਮੈਂ ਉਦਣ ਵੱਡੇ ਮੋਹਰੀ ਦੇ ਘਰ ਹੀ ਸਾਂ, ਮੈਂ ਵੀ ਕੁੱਕੜ ਵੱਢ ਕੇ ਦਿਤਾ ਸੀ ਤੇ ਮੈਂ ਵੀ ਸ਼ਰਾਬ ਲਿਆਂਦੀ ਸੀ, ਨਾਲੇ ਛੋਟੇ ਮੋਹਰੀ ਨੂੰ ਵੀ ਮੈਂ ਈਂ ਸੱਦ ਕੇ ਲਿਆਂਦਾ ਸੀ। ਪਿਛੋਂ ਸਾਲੇ ਨੇ ਝੂਠਾ ਰੌਲਾ ਪਾਇਆ ਸੀ। ਅਸਲ ਵਿਚ ਇਹਨਾਂ ਦੋਹਾਂ ਨੇ ਆਪਣੇ ਵਕਾਰ ਦੇ ਠੰਡੇ ਪੈਣ ਦਾ ਰੋਣਾ ਥਾਣੇਦਾਰਾਂ ਅਗੇ ਰੋਇਆ ਤੇ ਛੋਟੇ ਥਾਣੇਦਾਰ ਨੇ ਥਾਣੇ ਵਿਚ ਵਰਤੇ ਜਾ ਰਹੇ ਤਰੀਕੇ ਤੇ ਚੱਲਣ ਲਈ ਕਿਹਾ।

"ਕਿਹੜਾ ਤਰੀਕਾ?" ਇਕ ਮੁੰਡੇ ਨੇ ਕਾਹਲ ਦਰਸਾਈ।

"ਵੇਖੋ ਬਾਈ, ਧਰਮ ਨਾਲ ਮੇਰੇ ਅਮਲ ਦੀਆਂ ਚੀਜ਼ਾਂ ਤੇ ਦਿਨ ਵਾਰ ਸ਼ਰਾਬ ਦਾ ਬੰਦੋਬਸਤ ਵੀ ਉਹੀ ਕਰਦੇ ਨੇ, ਮੇਰੀ ਬਜ਼ੁਰਗੀ ਤੇ ਤਰਸ ਖਾਇਓ।"

"ਬਾਪੂ ! ਜੇ ਤੈਨੂੰ ਗੱਲੀ ਲਗਣ ਲਗੂ ਤਾਂ ਅਸੀਂ ਸਾਰੀ ਅੱਗੇ ਕਰਦਾਂਗੇ, ਤੂੰ ਗੱਲ ਅਗੇ ਤੋਰ।"

"ਹੱਛਾ ! ਹੱਛਾ ! ਤੇ ਮੇਰੇ ਪੁੱਤਰੋ ! ਖਿਆਲ ਰੱਖਿਓ, ਤੇ ਫੇਰ ਨਾ, ਥਾਣੇਦਾਰ ਨੇ ਆਖਿਆ, ਸਾਡੀ ਗੱਲ ਦੋਵੇਂ ਥਾਣੇਦਾਰਾਂ ਦੀ ਕਿੰਨੀ ਬਣਦੀ ਏ ਇਹ ਤਾਂ ਤੁਹਾਨੂੰ ਪਤਾ ਹੀ ਏ ; ਪਰ ਜਦੋਂ ਵੀ ਕੋਈ ਕੇਸ ਥਾਣੇ ਆ ਜਾਂਦਾ ਏ, ਅਸੀਂ ਦੋਵੇਂ ਇਕ ਦੂਸਰੇ ਦੇ ਵੈਰੀ ਹੋ ਜਾਂਦੇ ਹਾਂ। ਇਕ ਥਾਣੇਦਾਰ ਇਕ ਪਾਰਟੀ ਦਾ ਮੁੱਦਈ ਤੇ ਦੂਸਰਾ ਥਾਣੇਦਾਰ ਦੂਸਰੀ ਪਾਰਟੀ ਦਾ ਮੁੱਦਈ ਇਥੋਂ ਤਕ ਕਿ ਅਸੀਂ ਲੋਕਾਂ ਦੇ ਸਾਹਮਣੇ ਇਕ ਦੂਸਰੇ ਨੂੰ ਮਾੜਾ ਚੰਗਾ ਵੀ ਕਹਿ ਦਿੰਨੇ ਆਂ। ਪਰ ਉਹਨਾਂ ਦੇ ਜਾਣ ਬਾਦ ਹੀ ਅਸੀਂ ਸਾਰੀ ਕਮਾਈ ਆਪਸ ਵਿਚ ਵੰਡ ਲੈਨੇ ਆਂ ਨਾਲੇ ਅਖੇ; ਸਾਡੇ ਲੀਡਰ ਤੇ ਬਾਕੀ ਸਰਕਾਰਾਂ ਕੀ ਕਰਦੀਆਂ ਨੇ ? ਸਾਰੇ ਆਪਣਾ ਉਲੂ ਸਿੱਧਾ ਕਰਨ ਲਈ ਲੋਕਾਂ ਨੂੰ ਭੰਬਲ ਭੂਸੇ ਵਿਚ ਪਾਉਂਦੇ ਨੇ ਅਖੇ ਜਦੋਂ ਮਿਲਦੇ ਨੇ ਜੱਫੀਆਂ ਪਾ ਕੇ ਮਿਲਦੇ ਨੇ ਤੇ...ਹੋਰ ਵੀ...।"

"ਲੈ ਬੁੱਢਿਆ ਲੈ ਆਪਣੀ ਬੋਤਲ, ਹੁਣ ਅਸੀਂ ਜਾਣੀਏ ਤੇ ਸਾਡਾ ਕੰਮ।"

ਤੇਜਾ ਸਿੰਘ ਦੀ ਗੱਲ ਤੇ ਸ਼ੱਕ ਕਰਨ ਦੀ ਕੋਈ ਗੁੰਜਾਇਸ਼ ਨਹੀਂ ਸੀ ਪਰ ਹੁਣ ਮੁਸੀਬਤ ਇਹ ਸੀ ਕਿ ਪਿੰਡ ਵਾਲਿਆਂ ਨੂੰ ਕਿਸ ਤਰ੍ਹਾਂ ਮਨਾਇਆ ਜਾਵੇ। ਦੋਹਾਂ ਮੋਹਰੀਆਂ ਦੀ ਪਿੰਡ ਵਿਚ ਏਨੀ ਧਾਕ ਸੀ ਕਿ ਉਹਨਾਂ ਦੇ ਖਿਲਾਫ ਗੱਲ ਮੰਨਵਾਉਣੀ ਕੋਈ ਅਸਾਨ ਕੰਮ ਨਹੀਂ ਸੀ। ਮੁੰਡਿਆਂ ਨੇ ਆਪੋ ਆਪਣੇ ਘਰੀਂ ਗੱਲ ਕੀਤੀ, ਪਰ ਘਰ ਦੇ ਵੀ ਉਲਟੇ ਉਹਨਾਂ ਦੇ ਦੁਆਲੇ ਹੋ ਗਏ "ਕਿ ਜੀਭ ਉੱਗੀ ਨਹੀਂ ਤੇ ਬਾਪੂ ਬਾਂ ਕਰਦੀਆਂ ਉਏ ਕੰਜਰ ਦਿਉ ਪੁੱਤ ਸਾਲ ਤੋਂ ਉਤੇ ਹੋ ਗਿਆ, ਉਹਨਾਂ ਦੀ ਮੁਕੱਦਮੇਬਾਜ਼ੀ ਚਲਦੀ ਨੂੰ ਤੇ ਤੁਸੀਂ ਆਖਦੇ ਜੇ ਕਿ ਉਹ ਵਿਚੋਂ ਇਕ ਹੀ ਹਨ।

ਜਿਨ੍ਹਾਂ ਹੋਰਨਾਂ ਨੂੰ ਵੀ ਇਸ ਗੱਲ ਦਾ ਪਤਾ ਲਗਾ ਉਹ ਕੁੜ ਕੁੜ ਕੇ ਹੀ ਚੁਪ ਹੋ ਗਏ। ਕਈਆਂ ਨੇ ਇਸ ਗੱਲ ਦਾ ਬੁਰਾ ਵੀ ਮਨਾਇਆ ਤੇ ਮੋਹਰੀਆਂ ਦੀ ਮੁਖਾਲਫਤ ਕੀਤੀ ਪਰ ਉਹਨਾਂ ਨੂੰ ਮੋਹਰੀਆਂ ਦੇ 'ਪਾਲਤੂ ਗੁੰਡਿਆਂ' ਨੇ ਡਰਾ-ਧਮਕਾ ਕੇ **ਚੁੱਪ ਕਰਾਉਣ ਦੀ ਕੋਸ਼ਿਸ਼ ਕੀਤੀ। ਆਖਿਰ ਸਾਰੇ ਪਿੰਡ ਨੇ ਪੰਚਾਇਤ ਬਦਲ ਵੀ ਦਿਤੀ, ਪਰ ਪਿੰਡ 'ਚ ਕੋਈ ਖਾਸ ਫਰਕ ਨਾ ਆਇਆ ਨਵੀਂ ਪੰਚਾਇਤ ਵੀ ਉਸੇ ਜੈਸੀ ਹੀ ਬਣ ਗਈ।**

●

> ਮੋਇਆਂ ਦੀ ਖਬਰ ਨਾਲ ਸਾਨੂੰ ਐਨਾ ਘਬਰਾਉਣਾ ਨਹੀਂ ਚਾਹੀਦਾ—— ਸਿਰਫ ਲਹੂ ਹੀ ਇਤਿਹਾਸ ਨੂੰ ਨਵੇਂ ਰੰਗਾਂ ਨਾਲ ਰੰਗ ਸਕਦਾ ਹੈ। ਭਲਕੇ ਅਸੀਂ ਹੋਰ ਵੀ ਵੱਡੀਆਂ ਘਟਨਾਵਾਂ ਤੇ ਬਹਾਦਰੀ ਭਰੇ ਕਾਰਨਾਮਿਆਂ ਦੀ ਆਸ ਕਰ ਰਹੇ ਹਾਂ, ਭਾਵੇਂ ਕਿ ਖਾਲੀ ਹੱਥਾਂ ਨਾਲ ਵਧੇਰੇ ਕੁਝ ਹਾਸਲ ਨਹੀਂ ਕੀਤਾ ਜਾ ਸਕਦਾ............
>
> —ਗੋਰਕੀ

# U-DAY APPLIANCE REPAIRS

ਕੀ ਘਰ ਵਿੱਚ ਕੋਈ ਬਹੁਤ ਜ਼ਰੂਰੀ ਬਿਜਲੀ-ਮਸ਼ੀਨ:
* ਫ਼ਰਿੱਜ
* ਸਟੋਵ
* ਡਰਾਇਰ
* ਵਾਸ਼ਰ

ਖ਼ਰਾਬ ਹੋਣ ਕਰਕੇ ਨਾ-ਖ਼ੁਸ਼ ਹੋ? ਮੁਰੰਮਤ ਲਈ ਫ਼ੋਨ ਕਰੋ:

ਉਦੇ ਕੋਰੋਟਾਣਾ
522-7347

FRIDGES, FREEZES, RANGES, WASHERS & DRYERS

• MOST RELIABLE SERVICE •
at
• REASONABLE RATES •

Ask for UDAY KOROTANA — Phone 522-7347

810 - 20th St. — Bus. 521-5517
New Westminster

*BUYING AND SELLING ANY TYPE OF PROPERTY?*

*FOR EXPERIENCED AND PROFESSIONAL ADVICE CONTACT:*

RES.:
524-5276

OFF.:
872-0131

ਰੀਅਲ ਇਸਟੇਟ ਵਿੱਚ ਤੁਹਾਡੇ ਸਹਾਇਕ:
ਨਾਇਬ ਬਰਾੜ



# NAIB S. BRAR

**MARS REALTY**

1437 Kingsway
Vancouver, B.C.

FOR ANY KIND OF

# PHOTOGRAPHY

REMEMBER

OPEN
9:30 a.m.
5:30 p.m.
FRIDAY
9:30 a.m.
7:00 p.m.



PORTRAITS

PASSPORTS

WEDDINGS

# KARTAR PHOTO STUDIO

47 KINGSWAY
PHONE 872-0622
872-0623

KARTAR FILMS INTERNATIONAL
IMPORTERS OF E. INDIAN MOVIES AND DISTRIBUTOR TO U.S.A. AND CANADA

SPECIALIST IN ALL KINDS OF PHOTOGRAPHY
WE ALSO SELL CAMERAS AND ACCESSORIES

# RAI CONSTRUCTION LTD.

7196 KNIGHT, VANCOUVER, B.C.

WE DO BASEMENT FINISHING, ALTERATIONS, ADD A ROOM OR RENOVATIONS!

Guaranteed Low Rates
For Professional Service
Contact:

ROGER

321-9711

327-1683

FOR ANY KIND OF

# PHOTOGRAPHY

REMEMBER

# SANDEEP STUDIO

CALL

**HARCHARAN SINGH JHUTEE**

**435-3634**

---

## NEED ANY KIND OF MORTGAGE

**WHY PAY A BONUS?**

**LOW BROKERAGE FEES**

1st from 10¼%, 2nd from 12½%. Builders Interim at 17%.

Apartments: 1st 10½%, 2nd 13%.

We serve investor clients.

Existing mortgages and agreements for sale purchased.

ਅੱਜ ਤੋਂ ਬਾਅਦ ਤੁਹਾਨੂੰ ਪੈਸੇ ਬਾਰੇ ਕਿਸੇ ਕਿਸਮ ਦਾ ਫਿਕਰ ਕਰਨ ਦੀ ਲੋੜ ਨਹੀਂ ਤੁਸੀਂ ਕੋਈ ਚੀਜ਼ ਖਰੀਦਣੀ ਹੈ, ਘਰ ਦੀ ਮੁਰੰਮਤ ਕਰਨੀ ਹੈ ਜਾਂ ਹੋਰ ਕਿਸੇ ਕਿਸਮ ਦਾ ਖਰਚ ਤੁਹਾਡੇ ਸਿਰ ਖੜਾ ਹੈ ਤਾਂ ਅਸੀਂ ਤੁਰੰਤ ਹੀ ਤੁਹਾਡੀ ਸਮੱਸਿਆ ਹੱਲ ਕਰ ਸਕਦੇ ਹਾਂ।

Call Mrs. T. Sandhu 271-1962,
736-2551 (24 hrs.)

## HAMPSHIRE INVESTMENTS LTD.

---

*India's Famous*

**TANDOORI CHICKEN**

EAT IN OR TAKE OUT!

# RAJA RESTAURANT

(Licensed)

7271 MAIN ST., VANCOUVER, B.C.

FOR PARTY CATERING, HOME PARTIES AND BANQUETS, CONTACT

**Balwant**

**325-5014**

---

**THINKING OF TRAVEL?**

**WE CAN SAVE YOU MONEY, TIME AND TROUBLE**

**GROUPS – CHARTER – EXCURSION**

**PAY LATER**

**SPECIAL IMMIGRANT FARES AVAILABLE**

# GOYAL TRAVELS

**4160 FRASER STREET, VANCOUVER 10, B.C.**
**PHONE: 872-7658**

ASSOCIATE OFFICES:

1. Opposite Nehru Garden, Jullundur City
2. Near Courts Moga (India) – Phone 2798
3. Near Courts Jagraon (India) – Phone 252
4. Bhagat Singh Chowk, Sadar Bazaar Barnala, (India). Phone 555

---

# *IDA'S FLORIST*

3638 Main Street (at 21st)
Bus. 872-5589
or 325-0327



* ਵਿਆਹ ਸ਼ਾਦੀਆਂ ਵਾਸਤੇ ਫੁੱਲਾਂ ਦਾ ਇੰਤਜ਼ਾਮ ਕਰਨ ਲਈ ਸਾਡੀ ਦੁਕਾਨ ਤੇ ਆਉ ਜਾਂ ਫੋਨ ਕਰੋ। ਜਿਥੇ ਕਿ ਤੁਸੀਂ ਪੰਜਾਬੀ ਤੇ ਹਿੰਦੀ ਵਿਚ ਗੱਲ ਬਾਤ ਕਰ ਸਕਦੇ ਹੋ।

Wedding Invitations, Flowers For All Occasions, We Guarantee the Best Prices. Order Your Wedding Flowers and Receive a Free Film of Your Ceremony.



*Closed Sunday and Monday*

---

# BUY QUALITY FOOD

(EAST INDIAN GROCERIES)

AT COMPETITIVE RATES

FROM:

# V. K. ENTERPRISES

***704 — 12th Street***

***NEW WESTMINSTER, B.C.***

***Phone: 524-2717***

# ਤੂੰ ਇਕ ਜੁਗ ਬਣਕੇ ਅਮਰ!

(ਮਹਾਨ ਮਾਓ ਦੇ ਨਾਂ)

— ਸੁਰਿੰਦਰ ਧੰਜਲ

ਜਿਨਾਂ ਚਿਰ ਧਰਤ ਦੀ ਉਮਰ!
ਤੂੰ ਇਕ ਜੁਗ ਬਣਕੇ ਅਮਰ!!

ਉਹ ਜੋ ਤੈਨੂੰ ਮਰਿਆ ਲੋਚਦੇ ਸੀ ਘਿਓ ਦੇ ਦੀਵੇ ਬਾਲ ਰਹੇ ਨੇ:
ਉਹ - ਜਿਨ੍ਹਾਂ ਨੂੰ ਧਰਤ ਦੀ ਮਿੱਟੀ ਨਾਲ ਮਿੱਟੀ ਹੋਏ ਜਿਸਮ 'ਚੋਂ ਬੋ ਔਂਦੀ ਹੈ
ਉਹ - ਜਿਨ੍ਹਾਂ ਨੂੰ ਕਾਰਖਾਨੇ ਦੇ ਧੂੰਏਂ 'ਚ ਧੁਆਂਖੇ ਜਿਸਮ 'ਚੋਂ ਬੋ ਔਂਦੀ ਹੈ
ਉਹ - ਜਿਨ੍ਹਾਂ ਨੂੰ 'ਹਲ-ਪੰਜਾਲੀ' ਤੇ 'ਚਿਮਨੀ ਦੀ ਕਾਲਖ' ਦੀ ਗੱਲ ਕਰਦੀ ਕਲਮ 'ਚੋਂ ਬੋ ਔਂਦੀ ਹੈ
ਉਹ - ਜਿਨ੍ਹਾਂ ਨੂੰ ਤੇਰੇ ਵਾਂਗ ਖ਼ੂਨ ਡੋਲ੍ਹਦੀ ਸਦੀ ਬੀਮਾਰ ਲਗਦੀ ਹੈ

ਪਰ ਜਿਨਾਂ ਚਿਰ ਧਰਤ ਦੀ ਉਮਰ!
ਤੂੰ ਇਕ ਜੁਗ ਬਣਕੇ ਅਮਰ!!

ਦੀਪ ਜੋ ਤੂੰ ਕਾਲੀ ਬੋਲੀ ਰਾਤ ਦੀ ਹਿੱਕ ਤੇ ਬਾਲਿਆ ਸੀ
ਬੱਤੀ ਬੱਤੀ ਬਣਕੇ ਖਿੰਡ ਗਿਆ ਦੁਨੀਆਂ ਦੀ ਹਰ ਰਾਤ ਦੇ ਸੀਨੇ ਵਿੱਚ
ਤੇ ਹਰ ਰਾਤ ਤੜਫਦੀ ਰਹੇਗੀ ਸੂਰਜ ਦੀ ਉਡੀਕ ਵਿੱਚ

ਜਿਨਾਂ ਚਿਰ ਧਰਤ ਦੀ ਉਮਰ!
ਤੂੰ ਇਕ ਜੁਗ ਬਣਕੇ ਅਮਰ!!

ਜਿਨ੍ਹਾਂ ਜੰਗਲਾਂ, ਪਰਬਤਾਂ ਤੇ ਨਦੀਆਂ ਤੋਂ ਜਗਦਾ ਤੇ ਮਘਦਾ ਲੰਘਿਆ ਤੂੰ
ਕਿਵੇਂ ਭੁੱਲ ਸਕਦੇ ਉਹ ਤੇਰਾ ਜਾਨਾਂ-ਰੰਗਿਆ 'ਲੰਬਾ ਸਫ਼ਰ'! ਕਿੰਨਾ ਜ਼ਹਰ!!
ਦਿਲ ਦਿਮਾਗ ਤਲੀਆਂ ਤੇ ਰੱਖ ਤੇਰੇ ਦੁਆਲੇ ਆ ਜੁੜੇ ਪਰਵਾਨੇ ਪਲ
ਚੁੰਬਕ ਦੁਆਲੇ ਜਿਸ ਤਰ੍ਹਾਂ ਲੋਹੇ ਦੇ ਕਣ
ਵੰਡਦੇ ਤੁਰਦੇ ਗਏ ਸੀ ਕਤਰਾ ਕਤਰਾ ਰੱਤ ਦਾ
ਜਿਸਦੀ ਖ਼ੁਸ਼ਬੋਈ ਤੋਂ ਤ੍ਰਿਹਕਦੇ ਅੱਜ ਤੱਕ ਰੱਤ ਪੀਂਦੇ ਦੈਂਤ

ਜਿਨਾਂ ਚਿਰ ਧਰਤ ਦੀ ਉਮਰ!
ਤੂੰ ਇਕ ਜੁਗ ਬਣਕੇ ਅਮਰ!!

ਪੁੱਤ ਤੇਰਾ ਲੋਕਤਾ ਲਈ ਜੂਝਿਆ ਤੇ ਤੁਰ ਗਿਆ
ਅਤਿ ਦ੍ਰਿੜਤਾ ਨਾਲ ਤੂੰ ਓਦੋਂ ਕਿਹਾ:
ਲੱਖਾਂ ਪੁਤਰ ਲਾਡਲੇ ਖਾਊ ਏਹ ਰਾਤ
ਪਰ ਅਸਾਡਾ ਫੈਸਲਾ! ਸਿਖਰ ਨੂੰ ਛੂਹਾਂਗੇ ਜਾ!!
ਤੂੰ ਹੈਂ ਵੀਹਵੀਂ ਸਦੀ ਦਾ ਇਕ ਉਹ ਪਿਤਾ
ਜਿਸਨੂੰ ਉਤਸ਼ਾਹ ਦਿੱਤਾ ਪੁੱਤ ਦੀ ਚਿਖਾ

ਮੇਰੇ ਮਹਿਬੂਬ! ਤੂੰ 'ਕਾਗਜ਼ੀ ਸ਼ੇਰਾਂ' ਦੀ ਮੌਤ ਦਾ ਪੈਗ਼ਾਮ!!
'ਹਲ', 'ਕਲਮ', 'ਬੰਦੂਕ' ਦਾ ਤੈਨੂੰ ਸਲਾਮ!!! ਤੂੰ ਮਹਾਨ!!!!
ਜਿਨਾਂ ਚਿਰ ਧਰਤ ਦੀ ਉਮਰ!
ਤੂੰ ਇਕ ਜੁਗ ਬਣਕੇ ਅਮਰ!!

# ਮਾਓ-ਜ਼ੇ-ਤੁੰਗ



(26 ਦਸੰਬਰ 1893
– 9 ਸਤੰਬਰ 1976)

## • ਕਲਾ ਅਤੇ ਸੱਭਿਆਚਾਰ ਬਾਰੇ: ਮਾਓ-ਜ਼ੇ-ਤੁੰਗ

... ਜਿਸ ਕਾਸੇ ਦੀ ਅਸੀਂ ਮੰਗ ਕਰਦੇ ਹਾਂ, ਉਹ ਹੈ: ਰਾਜਨੀਤੀ ਤੇ ਕਲਾ ਦਾ ਸੁਮੇਲ, ਵਿਸ਼ਾ-ਵਸਤੂ ਤੇ ਰੂਪ ਦਾ ਸੁਮੇਲ, ਇਨਕਲਾਬੀ ਰਾਜਨੀਤਕ ਵਿਸ਼ਾ-ਵਸਤੂ ਅਤੇ ਕਲਾਤਮਕ ਰੂਪ ਦੀ ਉਚ-ਪੱਧਰੀ ਸੰਭਵ ਸੰਪੂਰਨਤਾ ਦਾ ਸੁਮੇਲ। ਜਿਸ ਕਲਾ ਸਿਰਜਣਾ ਵਿੱਚ ਕਲਾਤਮਕ ਯੋਗਤਾ ਦੀ ਘਾਟ ਹੋਵੇ, ਉਹ ਬਲਵਾਨ ਨਹੀਂ ਹੈ, ਰਾਜਨੀਤਕ ਤੌਰ ਤੇ ਜਿੰਨੀ ਮਰਜ਼ੀ ਅਗਾਂਹ ਵਧੂ ਹੋਵੇ। ਇਸ ਕਰਕੇ ਅਸੀਂ ਦੋਹਾਂ ਤਰ੍ਹਾਂ ਦੀ ਕਲਾ ਸਿਰਜਣਾ ਦੀ ਵਿਰੋਧਤਾ ਕਰਦੇ ਹਾਂ — ਗਲਤ ਰਾਜਨੀਤਕ ਦ੍ਰਿਸ਼ਟੀਕੋਣ ਵਾਲੀ ਦੀ ਵੀ ਅਤੇ "ਪੋਸਟਰ ਤੇ ਨਾਹਰੇਬਾਜ਼ ਸ਼ੈਲੀ" ਵੱਲ ਮੋੜ ਕਟਦੀ ਕਲਾ ਸਿਰਜਣਾ ਦੀ ਵੀ ਜਿਸ ਵਿੱਚ ਰਾਜਨੀਤਕ ਦ੍ਰਿਸ਼ਟੀਕੋਣ ਤਾਂ ਠੀਕ ਹੋਵੇ ਪਰ ਕਲਾਤਮਕ ਬਲ ਦੀ ਕਮੀ ਹੋਵੇ। ਸਾਹਿਤ ਤੇ ਕਲਾ ਦੇ ਸਵਾਲ ਤੇ ਸਾਨੂੰ ਦੋਹਾਂ ਫਰੰਟਾਂ ਉਤੇ ਸੰਘਰਸ਼ ਜਾਰੀ ਰੱਖਣਾ ਚਾਹੀਦਾ ਹੈ।

## • ਅਧਿਅਨ ਬਾਰੇ: ਮਾਓ-ਜ਼ੇ-ਤੁੰਗ

ਜਿਹੜੇ ਅਮਲੀ ਕੰਮ ਵਿੱਚ ਤਜਰਬੇਕਾਰ ਹਨ ਉਨ੍ਹਾਂ ਨੂੰ ਸਿਧਾਂਤ ਦਾ ਅਧਿਅਨ ਕਰਨਾ ਚਾਹੀਦਾ ਹੈ ਅਤੇ ਜ਼ਰੂਰ ਹੀ ਗੰਭੀਰਤਾ ਨਾਲ ਘੋਖਣਾ ਚਾਹੀਦਾ ਹੈ; ਕੇਵਲ ਤਦ ਹੀ ਉਹ ਆਪਣੇ ਤਜਰਬੇ ਨੂੰ ਲੜੀਵਾਰ ਪਰੋ ਸਕਦੇ ਹਨ, ਇਕੱਠਾ ਕਰ ਸਕਦੇ ਹਨ ਅਤੇ ਉਸਨੂੰ ਸਿਧਾਂਤ ਦੀ ਪੱਧਰ ਤੱਕ ਉੱਚਾ ਚੁੱਕਣ ਦੇ ਕਾਬਲ ਹੋ ਸਕਦੇ ਹਨ; ਕੇਵਲ ਤਦੇ ਹੀ ਉਹ ਆਪਣੇ ਅੱਧ ਪਚੱਧੇ ਤਜਰਬੇ ਨੂੰ ਅਟੱਲ ਸੱਚਾਈ ਸਮਝਣੋਂ ਅਤੇ ਸ਼ਹਿਨਸ਼ਾਹੀ ਗਲਤੀਆਂ ਕਰਨੋਂ ਬਚਣਗੇ।

## • ਪੰਜ ਕਵਿਤਾਵਾਂ: ਮਾਓ-ਜ਼ੇ-ਤੁੰਗ

* ਚਿੰਗਕੈਂਗ ਪਹਾੜੀ
(CHINGKANG MOUNTAIN)

ਪਹਾੜੀ ਦੇ ਹੇਠਾਂ ਉਨ੍ਹਾਂ ਦੇ ਝੰਡੇ ਉੱਡ ਰਹੇ ਹਨ
ਪਹਾੜੀ ਦੇ ਉਤੇ ਸਾਡੇ ਬਿਗਲ ਵੱਜ ਰਹੇ ਹਨ:
ਵੈਰੀ ਦੇ ਹਜ਼ਾਰਾਂ ਘੇਰੇ ਹਨ ਸਾਡੇ ਦੁਆਲੇ:
ਅਸੀਂ ਫਿਰ ਵੀ ਅਡੋਲ ਹਾਂ

ਬਚਾਉ ਭਿਆਨਕ ਹੈ, ਖਾਈ ਅਤੇ ਕੰਧ
ਸਭ ਤੋਂ ਸ਼ਕਤੀਸ਼ਾਲੀ ਕਿਲਾ ਹੈ ਸਾਡਾ ਇਰਾਦਾ (HUANG-YANG-CHIEH)
ਹੁਆਂਗ-ਯੰਗ-ਚੀਹ ਵੱਲੋਂ ਤੋਪਾਂ ਦਹਾੜ ਰਹੀਆਂ ਹਨ
ਅਤੇ ਚੀਖਦਾ ਹੋਇਆ ਵੈਰੀ ਦੌੜਕੇ ਰਾਤ ਵਿੱਚ ਲੁਕ ਰਿਹਾ ਹੈ
(ਪੱਤਝੜ 1928) •

**
ਲੰਬਾ ਮਾਰਚ
(THE LONG MARCH)

ਲਾਲ ਸੈਨਾ ਨੂੰ ਲੰਬੇ ਮਾਰਚ ਦੇ ਸਫ਼ਰ ਦਾ (RED ARMY, LONG MARCH)
ਕੋਈ ਭੈਅ ਨਹੀਂ
ਹਜ਼ਾਰਾਂ ਦਰਿਆ, ਸੈਂਕੜੇ ਪਹਾੜ ਮਾਮੂਲੀ ਜਾਪਦੇ ਹਨ।
ਪੰਜ ਘਾਟੀਆਂ
ਕੇਵਲ ਨਿਕੀਆਂ ਨਿਕੀਆਂ ਛੱਲਾਂ ਲਗਦੀਆਂ।
ਵਿਸ਼ਾਲ ਵੂ ਮੈਂਗ ਪਹਾੜ — (WU MENG MOUNTAIN)
ਜ਼ਮੀਨ ਤੇ ਇਕ ਟਿੱਬਾ ਜਿਹਾ ਲੱਗੇ।
ਸੋਨ-ਰੇਤ-ਦਰਿਆ ਦੁਆਰਾ ਸਿੰਜੀਆਂ (GOLD SAND RIVER)
ਬੱਦਲਾਂ ਸੰਗ ਘਿਹਰੀਆਂ ਚਟਾਨਾਂ ਨਿੱਘੀਆਂ ਹਨ।
ਤੈਤੂ ਦਰਿਆ ਤੇ ਪੁਲ ਬਣੀਆਂ (TATU RIVER)
ਲੋਹੇ ਦੀਆਂ ਕੜੀਆਂ ਠੰਢੀਆਂ ਹਨ।
ਮਿਨ ਪਹਾੜ ਤੇ ਪ੍ਰਸੰਨਤਾ ਹੈ (MIN MOUNTAIN)
ਹਜ਼ਾਰਾਂ ਮੀਲਾਂ ਬਰਫ਼:
ਸੈਨਾ ਦੀ ਰਾਹ-ਗੁਜ਼ਰ ਦੇ ਸਨਮੁਖ
ਹਰ ਚਿਹਰਾ ਮੁਸਕਾਇਆ।
(ਅਕਤੂਬਰ 1935) •

***
ਬਰਫ਼
(SNOW)

→ ਉੱਤਰ ਦਾ ਨਜ਼ਾਰਾ:
ਸੈਂਕੜੇ ਮੀਲਾਂ ਜੰਮੀ ਬਰਫ਼
ਹਜ਼ਾਰਾਂ ਮੀਲਾਂ ਉਡਦੀ ਬਰਫ਼।
ਮਹਾਨ ਦੀਵਾਰ ਵੱਲ ਵੇਖੋ (GREAT WALL)
ਏਸ ਪਾਸੇ, ਓਸ ਪਾਸੇ
ਕੇਵਲ ਚਿੱਟੀ ਵੀਰਾਨ ਜੰਗਲੀ ਭੂਮੀ।
ਪੀਲੇ ਦਰਿਆ ਦੇ ਪਾਣੀ ਦੇ ਚੜ੍ਹਦੇ ਤੇ ਲਹਿੰਦੇ (YELLOW RIVER)
ਅਚਾਨਕ ਗਾਇਬ ਹੋਈਆਂ ਛੁਪੀਆਂ ਲਹਿਰਾਂ।
ਪਹਾੜੀਆਂ: ਨਾਚ ਕਰਦੇ ਚਾਂਦੀ ਰੰਗੇ ਸੱਪ
ਪਠਾਰਾਂ: ਦੌੜਦੇ ਹੋਏ ਮੋਮ-ਚਿੱਟੇ ਹਾਥੀ,
ਸਵਰਗ ਤੋਂ ਵੀ ਉੱਚੇ ਹੋਣ ਦੀ ਕੋਸ਼ਿਸ਼ ਕਰਦੀਆਂ।
ਕਿਸੇ ਖ਼ੁਸ਼ਨਸੀਬ ਦਿਹਾੜੇ ਤੁਸੀਂ
ਲਾਲ ਪਹਿਰਾਵਾ ਪਹਿਨੀ, ਚਿੱਟੇ 'ਚ ਲਪੇਟੀ
ਕਲੋਲਾਂ ਕਰਦੀ, ਜਾਦੂ-ਮੋਹੀ ਧਰਤੀ ਨੂੰ ਵੇਖੋਗੇ।

ਦਰਿਆ ਤੇ ਪਹਾੜ ਏਨੇ ਖ਼ੂਬਸੂਰਤ ਹਨ
ਕਿ[illegible] ਹੀ ਉਨ੍ਹਾਂ ਅੱਗੇ
ਨਿਮਰਤਾ ਸਹਿਤ ਸਿਰ ਝੁਕਾਉਣ ਵਿਚ ਜ਼ਿਦਦੇ।
ਵਿਚਾਰੇ ਚਿਨ ਹੁਆਂਗ ਤੇ ਹੈਨ ਵੂ ਸਮਰਾਟ (CHIN HUANG, HAN WU)
ਸ਼ਬਦਾਂ'ਚ ਰਮਣੀਕ ਹੋਣ ਦੇ ਕਿੰਨੇ ਕੁ ਕਾਬਲ।
ਵਿਚਾਰੇ ਤੈਂਗ ਸੁੰਗ ਤੇ ਸੁੰਗ ਸੂ ਸਮਰਾਟ (TANG TSUNG, SUNG TSU)
ਕਵਿਤਾ 'ਚ ਰੂਪਮਾਨ ਹੋਣ ਦੇ ਕਿੰਨੇ ਕੁ ਕਾਬਲ।
ਉਹ ਸਮਤ ਤੇ ਵਿਗੜਿਆ ਸੂਰਮਾਂ ਦਾ ਬੇਟਾ
ਚੰਗੇਜ਼ ਖਾਨ — (GENGHIS KHAN)
ਕੇਵਲ ਏਨਾ ਹੀ ਜਾਣਦਾ ਸੀ
ਕਿ ਉਕਾਬਾਂ ਨੂੰ ਮਾਰਨ ਲਈ ਤੀਰ ਕਿਵੇਂ ਖਿੱਚੀਦਾ ਹੈ —
ਸਭ ਚਲੇ ਗਏ।
ਹੁਣ ਨਾਇਕਾਂ ਦਾ ਯੁਗ ਹੈ।
(ਫਰਵਰੀ 1936) •

********
**ਲੀ-ਸੂ-ਯੀ ਨੂੰ ਉੱਤਰ**
**(REPLY TO LI-SHU-YI)**

ਮੈਂ ਯੰਗ ਗੁਆਈ ਹੈ, ਉਹ ਸਖ਼ਤ ਪੋਪਲਰ. (YANG, POPLAR)
ਤੂੰ ਲਿਊ ਗੁਆਇਆ ਹੈ, ਉਹ ਵਿਲੋ — (LIU, WILLOW)
ਦੋਵੇਂ ਉਚੇ ਸੁਰਗਾਂ ਵੱਲ ਉੱਡ ਗਏ।
ਚੰਦਰਮਾ ਉਤੇ ਉਨ੍ਹਾਂ ਨੇ ਵੂ ਕੈਂਗ ਨੂੰ ਪੁੱਛਿਆ (WU KANG)
ਕੀ ਹੈ ਤੇਰੇ ਕੋਲ ?
ਵੂ ਕੈਂਗ ਨੇ ਕੈਸੀਆ ਵਾਈਨ ਲਿਆਂਦੀ (CASSIA WINE)

ਇਕੱਲਤਾ-ਗਰੱਸੀ ਚੰਦਰਮਾ ਸ਼ਹਿਜ਼ਾਦੀ (LONELY MOON PRINCESS)
ਉਹਦੀ [illegible]
ਵਿਸ਼ਾਲ ਖਿਲਾਅ ਵਿਚ ਨਾਚ ਕਰਦੀਆਂ
ਓਸ ਸਿਰੜੀ ਮਨੁੱਖ ਲਈ, ਓਸ ਵਫ਼ਾਦਾਰ ਔਰਤ ਲਈ।
ਧਰਤੀ ਵੱਲੋਂ ਅੱਚਨਚੇਤ ਖ਼ਬਰ:
ਚੀਤਾ ਹਾਰ ਗਿਆ।
ਉਨ੍ਹਾਂ ਦੇ ਅੱਥਰੂ ਫੁੱਟ ਨਿੱਕਲੇ
ਅਤੇ ਬਰਸਾਤ ਬਣ ਗਏ।
(ਮਈ 1957) •

*********
**ਸਰਦੀ ਦੇ ਬੱਦਲ**
**(WINTER CLOUDS)**

ਸਰਦੀ ਦੇ ਬੱਦਲਾਂ ਤੇ ਬਰਫ਼ ਦਾ ਬੋਝ
ਚਿੱਟੀਆਂ ਕਾਤਰਾਂ ਦੀ ਉਡਾਣ
ਬੇਸ਼ੁਮਾਰ ਕਿਰਦੇ ਫੁੱਲ —
ਅਚਾਨਕ ਖੇਰੜੇ !
ਸਰਦ ਤੂਫ਼ਾਨਾਂ ਭਰੇ ਉਚੇ ਸੁਰਗੀ ਵਾਵਰੋਲੇ।
ਵਗਦੀ ਨਿੱਘੀ ਹਵਾ ਸੀਗ ਸਾਹੂ ਮਗਨ ਧਰਤੀ।
ਕੇਵਲ ਨਾਇਕ ਹੀ ਸ਼ੇਰਾਂ ਚੀਤਿਆਂ ਤੇ ਕਾਠੀ ਪਾ ਸਕਦੇ ਹਨ
ਬਹਾਦਰ ਮਨੁੱਖ ਕਦੇ ਰਿੱਛਾਂ ਤੋਂ ਭੈਅ ਨਹੀਂ ਖਾਂਦੇ
ਪਲੱਮ ਉਤਰਦੀ ਬਰਫ਼ ਵਾਲੇ ਆਕਾਸ਼ ਵਾਂਗ ਝੂੰਮਦਾ ਹੈ: (PLUM)
ਕੋਈ ਹੈਰਾਨੀ ਨਹੀਂ ਕਿ ਮੱਖੀਆਂ ਜੰਮਦੀਆਂ ਅਤੇ ਮਰਦੀਆਂ ਹਨ।
(ਦਸੰਬਰ 1962) •

ਨੋਟ:

1. ਚਿੰਗਕੈਂਗ ਪਹਾੜੀ : 'ਹੁਆਂਗ-ਯੈਂਗ-ਚੀਹ'-ਉਹ ਮਸ਼ਹੂਰ ਪਹਾੜੀ ਜਿਥੇ ਕਿਆਂਗ ਚੀਆਂ ਨੈਸ਼ਨਲਿਸਟ ਫੌਜਾਂ ਆਪਣੀ ਹਾਰ ਲੁਕੋਣ ਲਈ ਤੋਪਾਂ ਚਲਾ ਚਲਾ ਪਿੱਛੇ ਹਟੀਆਂ
2. ਬਰਫ਼ : ਚਿੰਨ ਹੁਆਂਗ (246-210 B.C.) ; ਹੈਨ ਵੂ (140-87 B.C.); ਤੈਂਗ ਸੁੰਗ (627-649 A.D); ਸੁੰਗ ਸੂ (960-976); ਗੈਂਗੀ ਖਾਨ (1206-1277) : ਇਹ ਪੰਜੇ ਸਮਰਾਟ ਚੀਨ ਦੀ ਪੁਰਾਣੀ ਪਰੰਪਰਾ ਦੀ ਹਰ ਤਰ੍ਹਾਂ ਨਾਲ ਪ੍ਰਤੀਨਿਧਤਾ ਕਰਦੇ ਹਨ।
3. ਲੀ-ਸੂ-ਯੀ ਨੂੰ ਉੱਤਰ : ਲੀ-ਸੂ-ਯੀ ਮਾਓ ਦੇ ਬਹਾਦਰ ਸਾਥੀ ਲਿਊ (LIU CHIHHSUN) ਦੀ ਪਤਨੀ ਸੀ। ਲਿਊ 1933 ਵਿਚ ਸ਼ਹੀਦ ਹੋਇਆ ਸੀ ਪਰ ਇਸ ਗੱਲ ਦਾ ਪੱਕਾ ਪਤਾ 1949 ਵਿਚੋਂ, ਜਿੱਤ ਤੋਂ ਬਾਅਦ ਹੀ ਲੱਗਿਆ।
   ਯੰਗ (YANG K'AI-HUI), ਮਾਓ ਦੀ ਪਤਨੀ ਸੀ – ਜਿਹੜੀ 1930 ਵਿਚ ਨੈਸ਼ਨਲਿਸਟਾਂ ਨੇ ਗ੍ਰਿਫ਼ਤਾਰ ਕਰਕੇ ਮਾਰ ਦਿੱਤੀ ਸੀ।
   ਪੋਪਲਰ ਤੇ ਵਿਲੋ – ਦੱਖਣੀ ਚੀਨ ਦੇ ਦੋ ਦਰੱਖਤ ਹਨ ਜੋ ਨਰਮਾਈ, ਹੌਲਾਪਨ ਤੇ ਸੁਗੰਧੀ ਲਈ ਪ੍ਰਸਿੱਧ ਹਨ।
   'ਚੀਤਾ ਹਾਰ ਗਿਆ'– ਨੈਸ਼ਨਲਿਸਟਾਂ ਉੱਤੇ ਜਿੱਤ ਦੱਸੋਂ ਦਰਸਾਇਆ ਗਿਆ ਹੈ।

(ਅੰਗ੍ਰੇਜ਼ੀ ਤੋਂ ਅਨੁਵਾਦ: ਸੁਰਿੰਦਰ ਧੰਜਲ)

# ਤ੍ਰਿਕੋਣ

**ਅਜਮੇਰ ਰੋਡੇ,**
(VANCOUVER, B. C.)

ਮੇਰੇ ਹੋਣ ਅਤੇ ਮੇਰੇ ਜਿਉਣ ਵਿਚ ਅੰਤਰ ਹੈ—
ਮੈਂ ਹਾਂ
ਬਹੁਤ ਪਹਿਲਾਂ
ਸ਼ਾਇਦ ਕੈਂਬਰੀਅਨ ਯੁੱਗ ਤੋਂ ਵੀ ਪਹਿਲਾਂ ਤੋਂ—
ਜਦੋਂ ਸਮੁੰਦਰ ਦੀਆਂ ਸੁੱਤ-ਅਨੀਂਦੀਆਂ ਜੱਲ-ਤੈਹਾਂ ਵਿਚ
ਸੁਰਤੀ ਨੇ ਪਹਿਲੀ ਵਾਰ ਅੱਖ ਖੋਹਲੀ ਸੀ
ਤੇ ਫਿਰ ਇਕੈਹਿਰੇ ਸੈੱਲਾਂ 'ਚ ਵਿਚਰਦਾ
ਇਕ ਤੋਂ ਦੋ
ਦੋ ਤੋਂ ਚਾਰ
ਚਾਰ ਤੋਂ ਅੱਠ...ਹੁੰਦਾ
ਮਿੱਟੀ ਵਿਚੋਂ ਉਗੱਦਾ
ਪਾਣੀ ਤੇ ਅੱਗ ਪੀ ਪੀ ਮੌਲਦਾ
ਧਰਤੀ ਤੇ ਰੀਂਗਦਾ, ਦੌੜਦਾ, ਹੱਸਦਾ, ਰੌਂਦਾ
ਹਵਾ ਵਿਚ ਉਡਦਾ...
ਇਹ ਮੈਂ ਹੀ ਹਾਂ।

ਮੈਂ ਹਾਂ
ਤੇ ਜਦੋਂ ਮੈਂ ਸੋਚਦਾ ਹਾਂ
ਮੈਂ ਕੀ ਹਾਂ ?
ਮੈਂ ਕਿਉਂ ਹਾਂ ?
ਤਾਂ ਮੈਂ ਜਿਉਂਦਾ ਹਾਂ—
ਜਿਉਂਣ ਦੀ, ਅੰਤਰਪੀੜ ਹੰਢਾਉਂਦਾ ਹਾਂ
ਮੈਂ ਜਿਉਣ ਲਈ ਪੈਮਾਨੇ ਢੂੰਡਦਾ ਹਾਂ
ਪਰ ਮੈਂ ਇਸਪਾਤ ਦੇ ਜਿਸ ਪੈਮਾਨੇ ਨੂੰ ਵੀ
ਟਿੱਕਟਿੱਕੀ ਲਾ ਕੇ ਵੇਖਦਾ ਹਾਂ
ਉਹ ਪਾਰੇ ਦੇ ਤੁਬਕੇ ਬਣ ਡੋਲਣ ਲਗ ਜਾਂਦਾ ਹੈ
ਮੈਂ ਜਿਸ ਚਟਾਨ 'ਤੇ ਵੀ ਪੈਰ ਧਰਕੇ
ਖੜ੍ਹਨ ਲਗਦਾ ਹਾਂ
ਉਹ ਅਚਾਨਕ ਬਰਫ਼ ਬਣਕੇ
ਮੇਰੇ ਪੈਰਾਂ ਹੇਠ ਪਿਘਲ ਜਾਂਦੀ ਹੈ
ਮੈਂ ਉਹ ਮਸਨੂਈ ਉਪ-ਗ੍ਰਹਿ ਹਾਂ
ਜੋ ਜਿਸ ਧਰਤੀ ਦੁਆਲੇ ਵੀ ਘੁੰਮਣ ਲਗਦਾ ਹੈ
ਉਸੇ ਦੀ ਆਕ੍ਰਸ਼ਣ ਸ਼ਕਤੀ ਅਲੋਪ ਹੋ ਜਾਂਦੀ ਹੈ
ਤੇ ਮੈਂ ਫਿਰ ਦਿਸ਼ਾ-ਰਹਿਤ ਹੋ ਜਾਂਦਾ ਹਾਂ।

ਮੈਂ ਬੇ-ਪੈਮਾਨਾ ਅਨ-ਆਕ੍ਰਸ਼ਤ ਅਦਿਸ਼ਤ ਵਿਚਰਦਾ ਹਾਂ
ਪਰ ਮੈਂ ਜਿਉਂਦਾ ਹਾਂ।
ਤੇ ਜਦੋਂ ਮੇਰੀ ਖੋਪਰੀ ਥੱਲੇ
ਦਿਮਾਗ ਦੀ ਥਾਂ ਇਕ ਮਹਾਂ ਕੰਮਪਿਊਟਰ ਹੋਵੇ
ਜਦੋਂ ਮੈਂ ਰੇਲ ਦੀ ਪਟੜੀ ਵਾਂਗ ਨਿਯਤ ਹੋਏ
ਰਾਹਾਂ 'ਤੇ ਹੀ ਦੌੜ ਸਕਾਂ
ਤੋਤੇ ਵਾਂਗ ਸਿਖਾਏ ਹੋਏ ਵਾਕ ਹੀ ਦੁਹਰਾ ਸਕਾਂ
ਜਦੋਂ ਮੇਰੀ ਸੋਚ ਅੱਖਾਂ ਬੰਨ੍ਹ ਕੇ
ਨਿਸਚਤ ਦਿਸ਼ਾਵਾਂ 'ਤੇ ਹੀ ਤੁਰ ਸਕੇ
ਤਾਂ ਉਦੋਂ ਮੈਂ ਜਿਉਂਦਾ ਨਹੀਂ
ਹੁੰਦਾ ਹਾਂ
ਜਾਂ ਅਰਧ-ਜਿਉਂਦਾ ਹਾਂ
ਤੇ ਜਿਉਣ ਦਾ ਸਿਰਫ਼ ਢੌਂਗ ਰਚਦਾ ਹਾਂ।
ਤੇ ਜਦੋਂ ਮੈਂ ਜਨਮੋਂ ਭੁੱਖੀ ਮਾਂ ਦੇ ਪੇਟੋਂ
ਭੁੱਖਾ ਹੀ ਜੰਮਿਆਂ ਹੋਵਾਂ
ਤੇ ਮੈਥੋਂ ਵੀ ਵੱਧ ਭੁੱਖੀਆਂ ਮਸ਼ੀਨਾਂ
ਰੋਜ਼ ਮੇਰੇ ਬਦਨ ਤੋਂ ਬੁਰਕੀਆਂ ਭਰਨ—
ਜਦੋਂ ਸ਼ਰਮ ਦੀ ਖ਼ੱਲ ਲਾਹੀ
ਮੈਂ ਸੜਕ ਕਿਨਾਰੇ ਨਿਰਾ ਪਿੰਜਰ ਜਿਹਾ ਹੀ ਬੈਠਾ ਹੋਵਾਂ
ਜਾਂ ਕੂੜੇ ਦੇ ਢੇਲਾਂ ਵਿਚੋਂ
ਆਪਣੇ ਜਿਸਮ ਦੇ ਚੋਰੀ ਹੋਏ ਮਾਸ ਨੂੰ ਲੱਭ ਰਿਹਾ ਹੋਵਾਂ
ਤਾਂ ਉਦੋਂ ਮੈਂ ਹੁੰਦਾ ਵੀ ਨਹੀਂ
ਸਿਰਫ਼ ਅਰਧ-ਹੁੰਦਾ ਹਾਂ
ਤੇ ਹੋਣ ਲਈ ਹੱਥ ਪੈਰ ਮਾਰ ਰਿਹਾ ਹੁੰਦਾ ਹਾਂ
ਹਾਂ ਇਹ ਮੈਂ ਹੀ ਹਾਂ
ਮਨੁੱਖੀ ਜੀਵ—
ਹੋਣ ਜਿਉਣ ਤੇ ਅਰਧ-ਹੋਣ ਦੀ ਤ੍ਰਿਕੋਣ 'ਤੇ
ਆਪਣਾ ਟਿਕਾਣਾ ਲੱਭ ਰਿਹਾ।

## ਇੱਕ ਹੋਰ ਸੰਕਟ-ਕਾਲ

**ਇਕਬਾਲ ਰਾਮੂਵਾਲੀਆ**

ਬਹੁਤ ਚੰਦਰਾ ਵਕਤ ਸੀ
ਜੀਭਾਂ ਦਾ ਸੰਕਟ ਕਾਲ ਦਾ ਖੰਜਰ ਖ੍ਰੋਇਆ ਜਾ ਰਿਹਾ ਸੀ
ਮੂਲ ਅਧਿਕਾਰਾਂ ਦੇ ਬੰਦ ਬੰਦ ਤੇ
ਕਾਰਵਾਈ ਸ਼ੁਰੂ ਸੀ......
ਕਾਨੂੰਨ ਦੇ ਪਾਨਾਂ 'ਚ ਚੱਬੇ ਜਾ ਰਹੇ ਸੀ
ਮਾਸੂਮ ਨਾਅਰਿਆਂ ਦੇ ਬੈਠੇ ਹੋਏ ਬੋਲ......
ਕੁਝ ਬਹਾਨਿਆਂ ਦੀ ਚੱਪਣੀ 'ਚ ਹੀ
ਡੋਬਿਆ ਜਾ ਰਿਹਾ ਸੀ ਕਲਮਾਂ ਦਾ ਨੱਕ......
ਬਹੁਤ ਚੰਦਰਾ ਵਕਤ ਸੀ......

ਬਹੁਤ "ਨਾਜ਼ਕ" ਵਕਤ ਸੀ......
ਕਿ ਬੇਦਾਵੇ ਦੀ ਗਿਰਝ
ਕੁਤਬ ਮੀਨਾਰ ਦੇ ਬਨੇਰੇ ਤੇ ਪਿਘਲਾਈ......
ਉਦ੍ਹੇ ਲਈ ਇਕ ਹਾਰ
ਕਲਮਾਂ ਦਾ ਵੀ ਬਣਨਾ ਸੀ ....
ਤੇ ਨਾਜ਼ਮ ਖ਼ੁਦਾ ਕਲਮਾਂ ਨੂੰ ਬਹੁਤ ਜਲਦੀ ਸੀ।
ਮਤਾਂ ਖੁੰਝ ਹੀ ਨਾ ਜਾਵੇ
ਹਾਰਾਂ 'ਚ ਪ੍ਰੋਏ ਜਾਣ ਦਾ ਕੀਮਤੀ ਵੇਲਾ......
ਬਹੁਤ ਨਾਜ਼ਕ ਵਕਤ ਸੀ......
(Toronto, Ontario)

## ਲੋਹ ਆਸ਼ਕ

**ਜਰਨੈਲ ਸਿੰਘ**

ਲੋਹ ਨਗਰ ਵਿਚ
ਮੇਰੇ ਇਰਦ ਗਿਰਦ
ਉੱਪਰ ਹੇਠ
ਲੋਹਾ ਦੌੜਦਾ ਹੈ
ਹਰ ਸੁਬਾਹ, ਹਰ ਸ਼ਾਮ
ਮੈਂ ਲੋਹੇ ਦੇ ਹਥਾਂ ਵਿਚ
ਸ਼ਤਰੰਜ ਦਾ ਮੋਹਰਾ ਬਣਕੇ
ਰਹਿ ਜਾਂਦਾ ਹਾਂ ।
ਮੈਂ 'ਆਰਕਟਿਕ ਸਰਕਲ' ਦਾ
''ਐਸਕੀਮੋ' ਹੋਵਾਂ
ਜਾਂ ਹਿਮਾਲੀਆ ਦਾ
'ਸਨੋ ਮੈਨ'
ਲੋਹੇ ਦੀ ਮੌਤ ਰੂਪੀ ਚਰਖੜੀ
ਮੇਰੀਆਂ ਅੱਖਾਂ ਸਾਂਹਵੇਂ
ਘੁੰਮਦੀ ਹੈ ।
ਲੋਹ ਨਗਰ ਦੀ
ਲੋਹ ਭੱਠੀ ਵਿਚ
ਮੈਂ ਲੋਹੇ ਦੇ ਸੰਗ
ਨਿੱਤ ਢੱਲਦਾ ਹਾਂ ।
ਸਾਗਰ ਦੀ ਕੂਲੀ ਹਿੱਕ ਤੇ
ਗਗਨਾਂ ਦੀ ਵਾਯੂ ਉੱਤੇ
ਜਦ ਲੱਖਾਂ-ਟਨ
ਲੋਹਾ ਤਰਦਾ ਹੈ
ਤਾਂ ਹੱਥ ਵਿਚ ਆਪਣਾ
ਦੀਵਾ ਫੜੀ
ਅਲਾਦੀਨ ਸ਼ਰਮ ਨਾਲ
ਡੁੱਬ ਮਰਦਾ ਹੈ ।
ਮੇਰੇ ਹਮ-ਜਿਨਸੋ !
ਮੇਰੇ ਅੰਦਰੋਂ
ਲਹੂ-ਮਾਸ ਦਾ
ਇਨਸਾਨ ਲੱਭਣ ਦੀ
ਨਿਸਫਲ ਕੋਸ਼ਿਸ਼ ਨ ਕਰੋ
ਲੋਹ ਨਗਰ ਵਿਚ
ਲੋਹੇ ਦਾ ਆਸ਼ਕ
ਮੈਂ ਤਾਂ
ਇਕ 'ਰੋਕੇਟ' ਹਾਂ ।
(Vancouver, B. C.)

## ਪਿਸਣਾ ਇੱਕ ਪਾਪ ਹੈ

**ਕੇਸਰ ਸਿੰਘ ਨਾਵਲਿਸਟ**

ਤੂੰ ਕਹੇਂ
ਮੈਂ ਮਿੱਟੀ ਹਾਂ
ਹਾਂ ਮਿੱਟੀ ਦਾ ਪੁਤਲਾ
ਪਰ ਮਿੱਟੀ
ਜਿਉਂ ਜਿਉਂ ਪਿਸਦੀ ਹੈ
ਬਣ ਜਾਂਦੀ ਹੈ ਖਾਕ
ਤੇ ਇਹ ਖਾਕ
ਉਡਦੀ ਹੈ
ਤਾਰਿਆਂ ਨੂੰ ਚੁੰਮਣ ਲਈ
ਚੰਨ ਨੂੰ ਜਫੀਆਂ ਪਾਣ ਲਈ
ਇਸ ਬੇਜ਼ਬਾਨ ਮਿੱਟੀ ਵਿਚ
ਜਾਨ ਹੈ ।
ਮੈਂ ਹਾਂ
ਜਾਨਦਾਰ ਮਿੱਟੀ ਦਾ ਪੁਤਲਾ
ਬੇਜ਼ਬਾਨ
ਬੇਜਾਨ
ਮਿੱਟੀ ਨਾਲੋਂ
ਨੀਵਾਂ ਕਿਵੇਂ ਤੁਰਾਂ ?
ਕਿਉਂ ਨਾ ਉਡਾਂ ਅਸਮਾਨੀ
ਕਿਉਂ ਨਾ ਤਾਰੇ ਤੋੜਾਂ
ਕਿਉਂ ਨਾ
ਜਾਨਦਾਰ ਮਿੱਟੀਆਂ ਨਾਲ ਰਲ ਕੇ
ਬੇਜਾਨ—ਮਹਿਲਾਂ ਵਿਚ ਵਸਦੇ
ਤੁਰਦੇ ਫਿਰਦੇ
ਮੁਰਦੇ ਬੁਤਾਂ ਨੂੰ ਤੋੜਾਂ
ਤੂੰ ਕਹੇਂ—
ਮੈਂ ਬੁਤ—ਸ਼ਿਕਨ ਹਾਂ
ਮੁਰਦਿਆਂ ਨੂੰ ਮਾਰਨਾ
ਕੋਈ ਪਾਪ ਹੈ ?
ਸੁਤਿਆਂ ਨੂੰ ਜਗਾਉਣਾ
ਕੋਈ ਪਾਪ ਹੈ ?
ਲਿਤੜਿਆਂ ਨੂੰ ਉਠਾਣਾ
ਗਲੇ ਨਾਲ ਲਾਣਾ
ਕੋਈ ਪਾਪ ਹੈ ?
ਜੇ ਇਹ ਪਾਪ ਹੈ
ਤਾਂ ਮੈਂ ਹਾਂ ਪਾਪੀ
ਘੋਰ ਪਾਪੀ
ਮਹਾਂ ਪਾਪੀ
ਇਹ ਪਾਪ
ਮੇਰਾ ਰਾਹ ਹੈ
ਇਹ ਪਾਪ ਹੈ
ਮੇਰਾ ਜੀਵਨ
ਮੈਂ ਹਾਂ
ਜਾਨਦਾਰ ਮਿੱਟੀ ਦਾ ਪੁਤਲਾ
ਬੇਜਾਨ
ਬੇਜ਼ਬਾਨ
ਮਿੱਟੀ ਨਾਲੋਂ
ਨੀਵਾਂ ਕਿਵੇਂ ਤੁਰਾਂ,
ਪਿਸਦੇ ਪਿਸਦੇ ਰੋਣਾ
ਮੈਂ ਛਡਿਆ,
ਪਿਸਦੇ ਪਿਸਦੇ ਸੌਣਾ
ਮੈਂ ਛਡਿਆ ।
ਪਿਸਣਾ
ਇਕ ਪਾਪ ਹੈ
ਘੋਰ ਪਾਪ
ਮਹਾਂ ਪਾਪ
(Edmonton, Alberta)

ਸ਼ਹੀਦ ਦੇ ਨਾਂ

•

**ਪਰਮਾਤਮਾ ਪਾਰਸ**

ਪੱਤ ਵਰਗਾ ਸਰੀਰ, ਇਹਨਾਂ ਸਮਝ ਕਰੀਰ,
ਝਾੜੇ ਜਿਵੇਂ ਡੰਡਿਆਂ ਦੇ ਨਾਲ ਛੰਡਿਆ,
ਜਿੰਨੇ ਹੱਕ ਇਨਸਾਫ਼ ਸੀਗਾ ਮੰਗਿਆ।

ਅੱਤਵਾਦੀ ਸਰਕਾਰ ਉਹਨੂੰ ਆਖਦੀ,
ਬਈ ਜਿਹੜਾ ਗੱਲ ਰੋਟੀ ਦੀ ਕਰੇ,
ਉਹਨੂੰ ਦੇਸ਼ ਦਾ ਸ਼ਹੀਦ ਇਹ ਆਖਦੀ,
ਜੋ ਬਾਹਰੋਂ ਭਰਾਵਾਂ 'ਨਾ ਲੜੇ,
ਇਹ ਸਭ ਕੂੜ ਕੁਠ ਗਲ ਦੇਣਾ ਪੈਣਾ ਕੁਠ,
ਜ਼ਹਿਰੀ ਨਾਗ ਵਾਂਗ ਸੱਚ ਇਹਨਾਂ ਡੰਗਿਆ
ਜਿੰਨੇ ਹੱਕ ਇਨਸਾਫ਼ ਸੀਗਾ ਮੰਗਿਆ।

ਕਾਲਾ ਝੋਟਾ ਅੱਜ ਖੇਤ ਨੂੰ ਲਤਾੜ ਕੇ,
ਬਈ ਕੋਠੀਆਂ ਦੇ ਵਿਚ ਜਾਂਵਦਾ,
ਭੁੱਖ ਨੰਗ ਤੇ ਗਰੀਬੀ ਘਰੀਂ ਵਾੜ ਕੇ,
ਅਜ਼ਾਦੀ ਦੇ ਇਹ ਗੀਤ ਗਾਂਵਦਾ
ਕਾਲਾ ਕਾਂ ਇਹ ਸ਼ੈਤਾਨ, ਜਿਲ੍ਹੇ ਵਾਂਗੂ ਮਾਰੇ ਬਾਣ,
ਲੁਟ ਖੰਦੇ ਹੱਥਾਂ ਬੰਦੇ ਦੀਹੇ ਬੰਦਿਆ,
ਜਿੰਨੇ ਹੱਕ ਇਨਸਾਫ਼ ਸੀਗਾ ਮੰਗਿਆ।

ਅੱਜ ਬੰਗਲਾ ਬਿਹਾਰ ਵਾਲੀ ਗੱਲ ਜੋ,
ਪੰਜਾਬ ਵਿਚ ਲਾਗੂ ਹੋ ਰਹੀ,
ਭੁੱਖ ਮਰੀ ਤੇ ਬੇਕਾਰੀ ਦੇ ਕੋਈ ਹੱਲ ਲਈ,
ਬਗ਼ਾਵਤ ਦੀ ਗੱਲ ਹੋ ਰਹੀ।
ਜਾਲ ਲੋਟ ਵਾਲੇ ਟੁੱਟੇ, ਜਿੱਟੇ ਖੇਤਾਂ ਵਿਚੋਂ ਲੁੱਟੇ,
ਰੋਹ ਵਿਚ ਹੈ ਕਿਸਾਨ ਤਾਂਹੀ ਖੰਘਿਆ,
ਜਿੰਨੇ ਹੱਕ ਇਨਸਾਫ਼ ਸੀਗਾ ਮੰਗਿਆ।

ਮਿੱਲੀਂ ਮਾਲਕਾਂ ਦੀ ਲੁੱਟ ਨੂੰ ਘਟਾਉਣ ਲਈ,
ਮਜ਼ਦੂਰ ਨੇ ਹਥੌੜਾ ਚੁਕਿਆ,
ਸਾਹ ਸੁਖ ਦਾ ਕੋਈ ਬਾਪ ਨੂੰ ਦਵਾਉਣ ਲਈ,
ਜੁਵਾਨ ਯੁਧ ਵਿਚ ਕੁੱਦਿਆ,
ਪਾਹਰੂ ਕਾਮਾ ਕਿਸਾਨ, ਬਣ ਰਹੇ ਨੇ ਭਾਈਵਾਲ,
ਹੋਣ ਦੇਣਾ ਨਹੀਂ ਉਜਾੜਾ ਕੱਟੇ ਲੰਡਿਆਂ,
ਜਿੰਨੇ ਹੱਕ ਇਨਸਾਫ਼ ਸੀਗਾ ਮੰਗਿਆ।

੨੩ ਮਾਰਚ ਦਾ ਸੁਨੇਹਾ ਜੋ ਸ਼ਹੀਦ ਦਾ,
ਉਹ ਲੋਕਤਾ ਦੇ ਦਿਲ ਬਹਿ ਗਿਆ,
ਭੁੱਖਾ ਨੰਗਾ ਤੇ ਸਤਾਇਆ ਕੋਈ ਪਾਰਸ
ਬਈ ਤੰਗ ਆਇਆ ਗੀਤ ਕਹਿ ਗਿਆ,
ਦਾਦਾ ਭੁੱਖ ਦਾ ਸ਼ਿਕਾਰ, ਬਾਪ ਰੋਟੀ ਤੋਂ ਲਚਾਰ
ਹੋਇਆ ਸਾਰਾ ਪ੍ਰਵਾਰ ਹੀ ਮਲੰਗਿਆ,
ਜਿੰਨੇ ਹੱਕ ਇਨਸਾਫ਼ ਸੀਗਾ ਮੰਗਿਆ।

# ਤੂੰ ਤੇ ਮੈਂ

•

**ਫਰਾਜ਼ ਸਦੀਕੀ**

ਤੈਨੂੰ ਮਾਣ ਏ
ਤੇਰਾ ਪਿਓ ਦਾਦਾ ਤੇਰੇ ਵਡੇ ਤੇਰੇ ਵਾਂਗੂ
ਮਹਿਲ ਮਾੜੀਆਂ ਦੇ ਮਾਲਕ ਸਨ।
ਦੋਲਤ ਦੇ ਵਿਚ ਰਾਤ ਦਿਨ ਉਹ ਖੇਡਦੇ ਰਹੇ ਨੇ
ਵੰਨ ਸੁਵੰਨਾ ਪਹਿਨਦੇ ਰਹੇ ਨੇ
ਚੰਗਾ ਚੋਖਾ ਖਾਂਦੇ ਰਹੇ ਨੇ, ਹਰ ਦਮ ਐਸ਼ ਉਡਾਂਦੇ ਰਹੇ ਨੇ।

---

ਮੈਨੂੰ ਮਾਣ ਏ
ਮੇਰਾ ਪਿਓ ਦਾਦਾ, ਮੇਰੇ ਵਡੇ
ਰਾਜਿਆਂ ਮਹਾਰਾਜਿਆਂ ਨੂੰ, ਹੀਰਿਆਂ ਜਹੀਆਂ
ਅਣਛੋਹੀਆਂ ਕੁੜੀਆਂ ਦੇ ਨਜ਼ਰਾਨੇ ਦੇ ਕੇ
ਖੁਸ਼ ਨਹੀਂ ਕੀਤਾ।
ਜ਼ਰ ਤੇ ਜਾਇਦਾਦਾਂ ਨਹੀਂ ਪਾਈਆਂ
ਮੇਰੇ ਵਡੇ ਸ਼ੋਹਦੇ ਤੇ ਬੇਗੈਰਤ ਨਹੀਂ ਸਨ

ਆਜ਼ਾਦੀ ਦੀ ਜੰਗ ਵਿਚ ਉਹਨਾਂ
ਦੇਸ਼ ਵੀਰਾਂ ਦੇ ਸਿਰ ਨਹੀਂ ਕੱਟੇ
ਤਮਗਿਆਂ ਤੇ ਜਾਗੀਰਾਂ ਖਾਤਰ ਅੰਗਰੇਜ਼ਾਂ ਦੇ ਬੂਟ ਨਹੀਂ ਚੱਟੇ।
ਏਸੇ ਕਰਕੇ ਮੇਰਾ ਪਿਓ ਦਾਦਾ ਮੇਰੇ ਵਡੇ
ਦੁਖਾਂ ਦੇ ਵਿਚ ਰੁਝੇ ਰਹੇ ਨੇ
ਡਾਹਢੀ ਮਿਹਨਤ ਕਰਕੇ ਵੀ ਉਹ
ਰੁੱਖੀ ਮਿੱਸੀ ਖਾਂਦੇ ਰਹੇ ਨੇ
ਅੱਖਿਆਂ ਝਟ ਲੰਘਾਂਦੇ ਰਹੇ ਨੇ।

ਲਹੂ ਦੀ ਲੋਅ
(ਜਸਵੰਤ ਸਿੰਘ ਕੰਵਲ)
ਬਾਰੇ ਇਕ ਚਰਚਾ:

# ਕਠੋਰ ਸੱਚ ਦੀ ਦਸਤਾਵੇਜ਼

ਪ੍ਰੋ: ਅਜਮੇਰ ਸਿੰਘ ਔਲਖ

ਜਸਵੰਤ ਸਿੰਘ ਕੰਵਲ ਦੀ 'ਲਹੂ ਦੀ ਲੋਅ' ਤੋਂ ਪਹਿਲਾਂ ਤਕ ਦੀ ਲਗਭਗ ਸਮੁਚੀ ਨਾਵਲ-ਰਚਨਾ ਦਾ ਮੁਖ ਪ੍ਰੇਰਨਾ-ਸਰੋਤ ਰੋਮਾਂਚਕ-ਆਦਰਸ਼ਵਾਦ ਰਿਹਾ ਹੈ। ਰੋਮਾਂਚਕ-ਆਦਰਸ਼ਵਾਦ ਨੂੰ ਉਹ ਸਮਾਜਵਾਦੀ-ਆਦਰਸ਼ਵਾਦ ਦੀ ਪੋਚਾ-ਪਾਚੀ ਜ਼ਰੂਰ ਕਰਦਾ ਰਿਹਾ ਹੈ ਪਰ ਮੋਟੇ ਤੌਰ 'ਤੇ ਉਸ ਦੀ ਨਾਵਲ-ਸਿਰਜਣਾ ਦਾ ਮੁਹਾਂਦਰਾ ਰੋਮਾਂਚਕ-ਆਦਰਸ਼ਵਾਦ ਵਾਲਾ ਹੀ ਰਿਹਾ।

ਆਪਣੇ ਤਾਜ਼ੇ ਤੇ ਚਰਚਿਤ ਨਾਵਲ 'ਲਹੂ ਦੀ ਲੋਅ' ਵਿਚ ਉਹ ਇਕ ਦਮ ਯਥਾਰਥਵਾਦ ਦੇ ਰਾਹ ਕਿਵੇਂ ਪੈ ਗਿਆ, ਇਹ ਗੱਲ ਹੈਰਾਨੀ ਵਾਲੀ ਤਾਂ ਹੈ ਪਰ ਕਾਰਨਾਂ ਤੋਂ ਮੁਕਤ ਨਹੀਂ। ਮੁਖ ਕਾਰਨ ਇਸ ਦਾ ਇਕੋ ਹੈ ਕਿ ਕੰਵਲ ਦਾ ਇਹ ਨਾਵਲ, ਥੋੜੀ ਬਹੁਤੀ ਅਦਲਾ ਬਦਲੀ ਨਾਲ, ਪੰਜਾਬ ਵਿਚ ਉਭਰੀ ਨਕਸਲੀ-ਲਹਿਰ ਨਾਲ ਸੰਬੰਧਤ ਘਟਨਾਵਾਂ ਨੂੰ ਆਧਾਰ ਬਣਾਉਂਦਾ ਹੈ। ਕੰਵਲ ਦੇ ਨਾਵਲ ਵਿਚ ਵਰਣਤ ਕਿੰਨੀਆਂ ਹੀ ਘਟਨਾਵਾਂ, ਕਿੰਨੇ ਹੀ ਪਾਤਰ, ਕਿੰਨੀਆਂ ਹੀ ਥਾਂਵਾਂ ਨਕਸਲੀ ਘਟਨਾਵਾਂ, ਨੌਜਵਾਨਾਂ ਤੇ ਘਟਨਾ-ਸਥਾਨਾਂ ਨਾਲ ਇੰਨੇ ਮਿਲਦੇ ਹਨ ਕਿ ਇੰਜ ਜਾਪਦਾ ਹੈ ਕਿ ਜਿਵੇਂ ਉਸ ਨੇ ਸਿਰਫ ਨਾਂ ਹੀ ਬਦਲੇ ਹੋਣ। ਇਸ ਦਾ ਮਿਹਰ ਸਿੰਘ ਦਯਾ ਸਿੰਘ ਲਗਦਾ ਹੈ, ਹੁਕਮ ਸਿੰਘ ਹਾਕਮ ਦਾ ਰੂਪ ਜਾਪਦਾ ਹੈ, ਬਾਬਾ ਮਿਰਗਿੰਦ, ਹਰੀ ਸਿੰਘ ਮਰਗਿੰਦ ਦਾ। ਜੋ ਬੰਦਾ ਥੋੜਾ ਜਿਹਾ ਵੀ ਨਕਸਲੀ ਲਹਿਰ ਨੂੰ ਸੰਜੀਦਾ ਹੋ ਕੇ ਵਾਚਦਾ ਰਿਹਾ ਹੈ ਉਹ ਭੁਲਿਆ ਨਹੀਂ ਕਿ ਇਸ ਨਾਵਲ ਵਿਚਲਾ ਵਹਿਸ਼ੀ ਆਈ. ਜੀ. ਸ਼ਰਮਾ ਕੌਣ ਹੈ ਤੇ ਡਿਪਟੀ ਹਰਿੰਦਰ ਸਿੰਘ ਕੌਣ। ਨਾਵਲ ਵਿਚਲੇ ਪਿੰਡ ਮਾਜਰਾ ਲੁਹਾਰਾਂ ਉਤੇ 'ਚੰਗੇਜ਼ ਖਾਂ ਦੀ ਸਾਹਣਸਤੀ' ਸੰਗਰੂਰ ਜ਼ਿਲ੍ਹੇ ਦੇ ਪਿੰਡ ਦਧਾਹੂਰ ਉਤੇ ਹੋਏ ਪੁਲਸ ਦੇ ਅੰਨ੍ਹੇ ਤਸ਼ੱਦਦ ਦੀ ਯਾਦ ਪਾਠਕ ਦੇ ਮਨ ਅੰਦਰ ਬਰਛੇ ਵਾਂਗ ਗੱਡੀ ਜਾਂਦੀ ਹੈ।

ਸੋ ਕਹਿਣ ਦਾ ਭਾਵ ਇਹ ਕਿ ਕੰਵਲ ਦੇ ਪਾਸ ਇਹ ਨਾਵਲ ਲਿਖਣ ਲਈ ਇਤਿਹਾਸਕ ਮਸਾਲਾ ਆਮ ਸੀ। ਲੋੜ ਸਿਰਫ ਸਾਹਿਤਕ ਆਤਮਾ ਦੀ ਸੀ, ਉਸ ਨੂੰ ਕੰਵਲ ਨੇ ਚੋਭਾਂ ਮਾਰ ਮਾਰ ਜਗਾ ਲਿਆ। ਨਤੀਜੇ ਦੇ ਤੌਰ 'ਤੇ ਉਸ ਨੇ ਪਹਿਲੀ ਦਫਾ ਇਕ ਅਤੀ ਯਥਾਰਥਵਾਦੀ ਰਚਨਾ ਸਾਨੂੰ ਦਿਤੀ। ਇਸ ਦਾ ਮਤਲਬ ਇਹ ਨਹੀਂ ਕਿ ਕੇਵਲ ਇਤਿਹਾਸਕ ਤੱਥ ਮਿਲਣ ਨਾਲ ਕੋਈ ਲੇਖਕ ਯਥਾਰਥਵਾਦੀ ਲੇਖਕ ਬਣ ਜਾਂਦਾ ਹੈ। ਇਤਿਹਾਸਕ ਤੱਥ ਤਾਂ ਸਾਡੇ ਸਾਰਿਆਂ ਸਾਹਮਣੇ ਹੀ ਹੁੰਦੇ ਹਨ ਪਰ ਇਹਨਾਂ ਨੂੰ ਬਿਆਨ ਕਰਨ ਲਈ ਖਾਸ ਪ੍ਰਤਿਭਾ ਤੇ ਇਕ ਯਥਾਰਥਕ ਕਲਪਨਾ ਦੀ ਲੋੜ ਹੁੰਦੀ ਹੈ। ਇਸ ਪ੍ਰਤਿਭਾ ਤੇ ਕਲਪਨਾ ਸਦਕਾ ਹੀ ਲੇਖਕ ਇਕ ਇਤਿਹਾਸਕਾਰ ਨਾਲੋਂ ਵਖ ਹੁੰਦਾ ਤੇ ਇਕ ਅਮਰ ਰਚਨਾ ਨੂੰ ਜਨਮ ਦਿੰਦਾ ਹੈ।

ਯਥਾਰਥਵਾਦੀ ਲੇਖਕ ਲਈ ਪਹਿਲੀ ਸ਼ਰਤ ਵਿਸ਼ੇ ਦੀ ਸਹੀ ਚੋਣ ਅਤੇ ਫਿਰ ਇਸ ਵਿਸ਼ੇ ਨੂੰ ਆਪਣੇ ਸਮਾਜ ਦੀ ਡਾਇਲੈਕਟਿਕਸ ਸਮਝ ਕੇ ਪੇਸ਼ ਕਰਨਾ ਹੈ। ਅਚੇਤ ਜਾਂ ਸੁਚੇਤ ਉਸ ਨੂੰ ਸਮਾਜ ਤੇ ਵਿਅਕਤੀ ਦੀ ਜਿੰਦਗੀ ਦਾ ਸਹੀ ਅਨੁਭਵ ਹੋਣਾ ਜ਼ਰੂਰੀ ਹੈ। ਤਾਂ ਹੀ ਉਹ ਗੁਰੂ ਨਾਨਕ, ਵਾਰਿਸ ਸਾਹ ਜਾਂ ਸੂਫੀ ਕਵੀਆਂ ਵਾਂਗ ਸਮਾਜ ਦੀ ਅਸਲੀਅਤ ਨੂੰ ਪਰਗਟ ਕਰ ਸਕਦਾ ਹੈ।

ਕੰਵਲ ਨੇ 'ਲਹੂ ਦੀ ਲੋਅ' ਵਿਚ ਕੀ ਵਿਸ਼ਾ ਚੁਣਿਆ ਹੈ ? ਵਿਸ਼ਾ ਉਸ ਨੇ ਚੁਣਿਆ ਹੈ ਮਨੁਖੀ, ਇਨਕਲਾਬੀ ਪੈਂਤੜੇ 'ਤੇ ਆਏ ਮਨੁਖ ਦੀ ਬੁਰਜੁਆ ਸਟੇਟ ਨਾਲ ਟੱਕਰ ਤੇ ਹਸ਼ਰ ਦਾ। ਇਹ ਗੱਲ ਉਸ ਨੇ ਨਕਸਲੀ ਲਹਿਰ ਦੀਆਂ ਘਟਨਾਵਾਂ ਨਾਲ ਜੋੜ ਕੇ ਕਹੀ ਹੈ। ਇਹ ਲਹਿਰ ਕਿਵੇਂ ਪੈਦਾ ਹੋਈ, ਕਿਵੇਂ ਮੱਠੀ ਪੈ ਗਈ, ਇਸ ਦਾ ਉਹ ਜ਼ਿਕਰ ਤਾਂ ਕਰਦਾ ਹੈ ਪਰ ਵਿਸਥਾਰ ਵਿਚ ਨਹੀਂ ਜਾਂਦਾ। ਮੁਖ ਜ਼ੋਰ ਉਸ ਨੇ ਦੋ ਗਲਾਂ 'ਤੇ ਹੀ ਦਿਤਾ ਹੈ : ਇਨਕਲਾਬੀ ਪੈਂਤੜੇ 'ਚ ਆਏ ਨਕਸਲੀਆਂ ਦੀ ਸ਼ਿਦਤ ਤੇ ਬੁਰਜੁਆ ਸਟੇਟ ਦਾ ਪ੍ਰਤਿਕਰਮ।

ਕੰਵਲ ਇਸ ਬੁਨਿਆਦੀ ਗੱਲ ਨੂੰ ਸਮਝਦਾ ਹੈ ਕਿ ਬੁਰਜੁਆ ਸਟੇਟ ਇਨਸਾਨੀਅਤ ਦੇ ਰਾਹ ਪਏ ਮਨੁਖ ਨੂੰ ਭੰਨ ਕੇ ਲੈਂਦੀ ਹੈ। ਦਰ ਨਾ ਜਾਈਏ ਸਾਡਾ ਆਪਣਾ ਸਿਖ-ਇਤਿਹਾਸ ਇਸ ਦੀ ਜੀਉਂਦੀ ਜਾਗਦੀ ਗਵਾਹੀ ਹੈ। ਗੁਰਮੁਖ ਉਸ ਵੇਲੇ ਦੀ ਫੀਊਡਲ ਸਟੇਟ ਨੂੰ ਸ਼ੁਰੂ ਤੋਂ ਹੀ ਰੜਕਣ ਲਗ ਪਿਆ ਸੀ। ਜਦੋਂ ਗੁਰਮੁਖ ਸਟੇਟ ਨਾਲ ਟਕਰਾਇਆ ਉਸ ਨੂੰ ਬੇਮਿਸਾਲ ਕੁਰਬਾਨੀਆਂ ਦਾ ਸਫਰ ਤੈਅ ਕਰਨਾ ਪਿਆ। ਸਟੇਟ ਦਾ ਵਹਿਸ਼ੀ ਚਿਹਰਾ ਨੰਗਾ ਹੋਇਆ।

ਕੰਵਲ ਨੇ ਬਿਲਕੁਲ ਇਸੇ ਨਜ਼ਰੀਏ ਤੋਂ ਬੁਰਜੁਆ ਸਟੇਟ ਦਾ ਕਰੈਕਟਰ ਸਾਡੇ ਸਾਹਮਣੇ ਪੇਸ਼ ਕੀਤਾ ਹੈ। ਦੋਵੇਂ ਭਾਰਤੀ ਕਮਿਊਨਿਸਟ ਪਾਰਟੀਆਂ ਆਰਥਕਤਾਵਾਦ ਦੀ ਝੋਲੀ ਜਾ ਪਈਆਂ, ਅਸੈਂਬਲੀਆਂ ਤੇ ਪਾਰਲੀਮੈਂਟ ਦੀ ਚਮਕ-ਦਮਕ ਨੇ ਉਹਨਾਂ ਦੀਆਂ ਅੱਖਾਂ ਚੁੰਧਿਆਂ ਦਿਤੀਆਂ।

ਇਨਕਲਾਬ ਦਾ ਨਵਾਂ ਤਰੀਕਾ ਖਰੁਸ਼ਚੇਵ ਉਹਨਾਂ ਨੂੰ ਦੇ ਗਿਆ ਸੀ। 'ਪਰਚੀ ਰਾਹੀਂ ਇਨਕਲਾਬ' ਦੇ ਰੋਗ ਨੇ ਉਹਨਾਂ ਨੂੰ ਗ੍ਰਸ ਕੇ ਖੱਸੀ ਕਰ ਦਿਤਾ। ਪਾਰਟੀ ਦੀ ਇਮਾਨਦਾਰ ਘਟ-ਗਿਣਤੀ ਕੁਝ ਨਿਰਾਸ ਹੋ ਗਈ ਤੇ ਕੁਝ ਨੇ ਹਥਿਆਰਬੰਦ ਇਨਕਲਾਬ ਦਾ ਹੋਕਾ ਦੇ ਦਿਤਾ। ਤਿਲੰਗਾਨਾ ਵਾਲੀ ਲਾਇਨ ਫਿਰ ਫੜੀ ਗਈ। ਚਾਰੂ, ਸਤਯ ਨਰੈਣ ਸਿਨਹਾ ਆਦਿ ਨੇ ਜਾਗੀਰਦਾਰਾਂ ਦੀ 'ਅਨਹੀਲੀਏਸ਼ਨ' (ਸਰੀਰਕ ਤੌਰ 'ਤੇ ਖਤਮ) ਦਾ ਦਾਅ-ਪੇਚ ਦਿਤਾ।

ਨਤੀਜਾ ਇਹ ਹੋਇਆ ਸਿਰਲਥ ਨੌਜਵਾਨ ਯੋਧੇ ਇਨਕਲਾਬ ਲਈ ਸਿਰਾਂ 'ਤੇ ਖਫਨ ਬੰਨ੍ਹ ਤੁਰੇ — 'ਹੋਕਾ ਫਿਰੇ ਦਿੰਦਾ ਪਿੰਡਾਂ ਵਿਚ ਸਾਰੇ, ਆਓ ਕਿਸੇ ਸ਼ਹੀਦ ਹੁਣ ਹੋਵਣਾ ਜੇ।'

ਜਿਵੇਂ ਕਿ ਮੈਂ ਉਪਰ ਕਿਹਾ ਹੈ ਜਸਵੰਤ ਸਿੰਘ ਕੰਵਲ ਇਸ ਦੇ ਬਹੁਤੇ ਵਿਸਥਾਰ ਵਿਚ ਨਹੀਂ ਜਾਂਦਾ ਕਿ ਨਕਸਲੀ ਲਹਿਰ ਕਿਵੇਂ ਤੇ ਕਿਉਂ ਪੈਦਾ ਹੋਈ (ਇਹ ਕਾਰਜ ਉਹਦਾ ਨਹੀਂ, ਇਤਿਹਾਸਕਾਰ ਦਾ ਹੈ ) ਉਹ ਤਾਂ ਗੱਲ ਹੀ ਇਨਕਲਾਬੀ ਪੈਂਤੜੇ 'ਤੇ ਆਏ ਮਨੁਖ ਤੋਂ ਸ਼ੁਰੂ ਕਰਦਾ ਹੈ। ਨਕਸਲੀਆਂ ਦੀ ਕਥਾ ਰਾਹੀਂ ਉਹ ਸਾਡੀ ਬੁਰਜੂਆ ਸਟੇਟ ਦਾ ਅਸਲੀ ਚਿਹਰਾ-ਮੁਹਰਾ ਨੰਗਾ ਕਰਦਾ ਹੈ।

ਅਸਲ ਵਿਚ ਇਹ ਨਾਵਲ ਬੁਰਜੂਆ-ਸਟੇਟ ਵਿਚ ਇਨਸਾਨੀਅਤ ਦੇ ਰਾਹ ਪਏ ਮਨੁਖ ਦੀ ਇਤਿਹਾਸਕ ਦਸਤਾਵੇਜ਼ ਹੈ। ਨੇਕੀ ਤੇ ਬਦੀ ਦੀ ਸਦੀਵੀ ਟੱਕਰ ਦੀ ਅਗਾਹ ਤੁਰਦੀ ਕਥਾ ਹੈ। ਜਿੰਨੀ ਸਫਲਤਾ ਨਾਲ ਬੁਰਜੂਆ-ਸਟੇਟ ਦੀ ਅਸਲੀਅਤ ਇਸ ਨਾਵਲ ਰਾਹੀਂ ਪਰਗਟ ਹੋਈ ਹੈ, ਉਹ ਆਧੁਨਿਕ ਪੰਜਾਬੀ ਸਾਹਿਤ ਵਿਚ ਹੋਰ ਕਿਸੇ ਰਚਨਾ ਰਾਹੀਂ ਨਹੀਂ ਹੋਈ।

ਕੰਵਲ ਦਸਦਾ ਹੈ ਕਿ ਬੁਰਜੂਆ-ਸਟੇਟ ਦੇ ਸਾਰੇ ਕਾਇਦੇ ਕਾਨੂੰਨ ਪਾਖੰਡ ਹਨ। ਜੇ ਬੰਦਾ ਪਸ਼ੂ ਬਣ ਕੇ ਇਹਨਾਂ ਵਿਚ ਰਹਿ ਸਕਦਾ ਹੈ ਤਾਂ ਜੀਅ ਸਦਕੇ ਰਹੇ ਪਰ ਜੇ ਉਹ ਚਾਹੇ ਮਨੁਖੀ ਬਰਾਬਰੀ, ਮਨੁਖੀ ਭਾਈਚਾਰੇ ਤੇ ਆਜ਼ਾਦੀ ਦੀ ਗੱਲ ਕਰਨੀ ਤਾਂ ਆਪਣਾ ਪੜ੍ਹਿਆ ਪਹਿਲਾਂ ਵਿਚਾਰ ਲਵੇ। ਬੁਰਜੂਆ ਸਟੇਟ ਆਪਣੇ ਕਾਨੂੰਨ ਆਪ ਤੋੜੇਗੀ।

ਨਕਸਲੀ ਲਹਿਰ ਦੌਰਾਨ ਕਿੰਨੇ ਹੀ ਨਕਸਲੀ ਨੌਜਵਾਨ ਝੂਠੇ ਪੁਲਸ-ਮੁਕਾਬਲੇ ਬਣਾ ਕੇ ਗੋਲੀਆਂ ਨਾਲ ਉਡਾ ਦਿਤੇ ਗਏ, ਕਿੰਨਿਆਂ ਨੂੰ ਅਣਮਨੁਖੀ ਤਸੀਹੇ ਦਿਤੇ ਗਏ, ਕਿੰਨੇ ਬਾਪਾਂ, ਮਾਵਾਂ, ਧੀਆਂ-ਭੈਣਾਂ ਦੀ ਸ਼ਰੇਆਮ ਬੇਇਜ਼ਤੀ ਕੀਤੀ ਗਈ, ਕਿੰਨਿਆਂ ਨੂੰ ਦਹਿਸ਼ਤ ਦੇ ਕਾਲੇ ਬਦਲਾਂ ਹੇਠ 'ਜਿਊਣ' ਲਈ ਮਜ਼ਬੂਰ ਕੀਤਾ ਗਿਆ — 'ਲਹੂ ਦੀ ਲੋਅ' ਇਸ ਸਭ ਕੁਝ ਦੀ ਰੌਂਗਟੇ ਖੜ੍ਹੇ ਕਰ ਦੇਣ ਵਾਲੀ ਯਥਾਰਥਕ ਕਹਾਣੀ ਹੈ।

ਬੁਰਜੂਆ ਸਟੇਟ ਦਾ ਕਾਨੂੰਨ ਹੈ ਕਿ ਕੋਈ ਵੀ ਮਨੁਖ ਬਿਨਾਂ ਕੇਸ ਦਰਜ ਕੀਤੇ 24 ਘੰਟਿਆਂ ਤੋਂ ਵਧ ਹਰਾਸਤ ਵਿਚ ਨਹੀਂ ਰਖਿਆ ਜਾ ਸਕਦਾ। ਪਰ ਨਕਸਲੀਆਂ ਦੇ ਪਰਵਾਰਾਂ ਨੂੰ ਮਹੀਨਿਆਂ-ਬੱਧੀ ਥਾਣਿਆਂ ਵਿਚ ਜ਼ਲੀਲ ਕੀਤਾ ਗਿਆ। ਮੁਖਬੈਨ ਨੂੰ ਮਾਰਿਆ ਤਾਂ ਹੁਕਮੇ, ਗੁਰਜੀਤ, ਪੀਤੂ ਹੁਰਾਂ ਨੇ ਹੈ, ਪਰ ਆਈ. ਜੀ. ਸ਼ਰਮਾ ਦੇ ਹੁਕਮ ਅਨੁਸਾਰ ਸਾਰੇ ਦੇ ਸਾਰੇ ਬਰਨਾ ਤੇ ਰਕੜ ਪਿੰਡ ਵਾਹ ਲਏ ਗਏ। 'ਪੁਲੀਸ ਨੇ ਨਾ 'ਬੁਢਾ ਵੇਖਿਆ, ਨਾ ਸ਼ਰੀਫ; ਸਭ ਦੀ ਇਕ ਵਾਦਿਓਂ ਛੰਡ ਲਾਹੁਣੀ ਸ਼ੁਰੂ ਕਰ ਦਿਤੀ। ਰੱਕੜ ਪਿੰਡ ਦੇ ਲਾਗੇ ਬਾਜ਼ੀਗਰਾਂ ਦੀਆਂ ਪੰਜ ਸੱਤ ਝੁਗੀਆਂ ਸਨ। ਉਹ ਬਕਰੀਆਂ, ਮੱਝਾਂ ਤੇ ਭੇਡੀਆਂ ਚਾਰ ਕੇ ਗੁਜ਼ਾਰਾ ਕਰਦੇ ਸਨ। ਪੁਲਿਸ ਨੇ ਉਹਨਾਂ ਗਰੀਬਾਂ ਨੂੰ ਦਬੱਲ ਕੁਟ ਚਾੜ੍ਹੀ। ਛਾਂਟਿਆਂ ਜਾਣ ਵਾਲਾ ਹਰ ਆਦਮੀ ਆਪਣੀ ਥਾਂ ਬੇਗੁਨਾਹ ਸੀ। ਉਹ ਹੱਥ ਜੋੜਦਾ, ਵਾਸਤੇ ਪਾਉਂਦਾ, 'ਮਾਪਿਓ ਮਾਪਿਓ' ਪੁਕਾਰਦਾ, ਪਰ ਉਥੇ ਦਬੜ-ਸੱਟ ਵਿਚ ਸੁਣਦਾ ਈ ਕੋਈ ਨਹੀਂ ਸੀ।" (165)

'ਚੰਗੇਜ਼ ਖਾਂ ਦੀ ਸਾਹਤਸਤੀ' ਵਾਲਾ ਕਾਂਡ ਤਾਂ ਇਸ ਅਸਲੀਅਤ ਨੂੰ ਹੋਰ ਵੀ ਨੰਗਾ ਕਰਦਾ ਹੈ। ਨਕਸਲੀ ਤਾਰੇ ਨੇ ਪਿੰਡ ਵਿਚ ਬੈਠੀ ਪੁਲਸ ਚੌਂਕੀ ਦੇ ਇਕ ਸਿਪਾਹੀ ਸਤਵੰਤ ਨੂੰ ਇਸ ਲਈ ਕਤਲ ਕਰ ਦਿਤਾ ਕਿ ਉਸ (ਸਤਵੰਤ) ਨੇ ਤਾਰੇ ਦੀ ਘਰ ਵਾਲੀ ਸੁਰਜੀਤ ਦਾ ਪਿੱਛਾ ਤਕਣਾ ਚਾਹਿਆ ਸੀ। (ਗਲਤੀ ਨਾਲ ਦੂਜਾ ਸਤਵੰਤ ਮਾਰਿਆ ਗਿਆ) ਆਈ. ਜੀ. ਸ਼ਰਮਾ ਪੁਲਸ ਅਫਸਰਾਂ ਉਤੇ ਕੜਕ ਉਠਿਆ, 'ਪੁਲੀਸ ਚੌਂਕੀ ਪਰ ਹਮਲਾ ਹੂਆ। ਸਰਕਾਰ ਕਾ ਸਿਪਾਹੀ ਮਾਰਾ ਗਿਆ। ਅਸਲਾਹ ਖੋਹ ਲੈ ਗਏ...ਮੈਂ ਪੂਛਤਾ ਹੂੰ ਰਾਜ ਗੁੰਡੇ ਨੈਕਸਲਾਈਟੋਂ ਕਾ ਹੈ ਜਾਂ ਹਮਾਰਾ? ਤੁਸੀਂ ਇਨ ਲੁਚੇ ਲੋਕਾਂ ਨਾਲ ਭਲੇ-ਮਾਨਸਾਂ ਵਾਲਾ ਸਲੂਕ ਕਰਤੇ ਹੋ? ਸਪਾਹੀਓ! ਪਿੰਡ ਕਾ ਕੋਈ ਮਰਦ ਘਰ ਨਾ ਹੋ। ਸਭ ਕੋ ਏਥੇ ਲੰਮੇ ਪਾਓ ਤੇ ਵਾਰੀ ਵਾਰੀ ਇਨ ਕੰਜਰੋ ਕੀ ਸੇਵਾ ਕਰੋ। ਕਿਸੀ ਘਰ ਕੀ ਵੱਛੀ ਵੀ ਨਾ ਰਹੇ। ਸਾਰੇ ਡੰਗਰੋਂ ਕੇ ਰਸੇ ਕਾਟ ਦੋ ਔਰ ਪੈਲੀਓਂ ਮੇਂ ਛੋੜ ਦੋ।' ਆਈ. ਜੀ. ਨੇ ਨਾਦਰ-ਸ਼ਾਹੀ ਫਰਮਾਨ ਜਾਰੀ ਕਰ ਦਿਤੇ (353)

ਤੇ ਫਿਰ ਪਿੰਡ ਮਾਜਰਾ ਲੁਹਾਰਾ ('ਦਧਾਹੂਰ' ਨਾਲ ਮਿਲਦਾ) ਵਿਚ ਪੁਲੀਸ ਦੀ ਧਾੜ ਵੜ ਗਈ। ਅੰਨ-ਸੰਕਟ ਦੀ ਦੁਹਾਈ ਪਾਉਣ ਵਾਲੀ ਸਰਕਾਰ ਦੀ ਪੁਲਿਸ ਨੇ ਮਝਾਂ, ਗਾਈਆਂ, ਬਲਦ,

**SHAKTI GIFT**

**6576 MAIN STREET, VANCOUVER, B.C.**

•

•

**Where you can get all types of Real and Artificial Jewellery and all types of oriental designs can be made!**

•

**SALE AND REPAIRS OF WATCHES**

321-6214

ਝੋਟੇ, ਖੱਤੇ, ਜੋ ਵੀ ਸਾਹਮਣੇ ਆਇਆ, ਸਭ ਦੇ ਰਸੇ ਵੱਢ ਕੇ ਪੱਕੀਆਂ ਫਸਲਾਂ ਵਿਚ ਧੱਕ ਦਿਤੇ। ਡਰਦੇ ਮਾਰੇ ਲੋਕਾਂ ਉਂਗਲਾਂ ਮੂੰਹ ਪਾ ਲਈਆਂ। ਕਤਲ ਪਿੰਡ ਵਿਚ ਪਹਿਲਾਂ ਵੀ ਹੋਏ ਸਨ ਪਰ ਇਸ ਤਰ੍ਹਾਂ ਦਾ ਕਲਯੁਗ ਪਹਿਲਾਂ ਕਦੇ ਨਹੀਂ ਵਾਪਰਿਆ ਸੀ। ਕਹੀਆਂ ਅਤੇ ਸੱਬਲਾਂ ਨਾਲ ਤਾਰੇ ਦਾ ਅੰਦਰਲਾ ਤੇ ਬਾਹਰਲਾ ਘਰ ਢਾਹ ਦਿਤੇ। ਉਤਤਾਂ ਦੇ ਕੇ ਲਟੈਣਾ ਵੀ ਭੁੰਜੇ ਸੁਟ ਦਿਤੀਆਂ। ਪਕੇ ਦਲਾਣ ਦੀਆਂ ਸ਼ਤੀਰੀਆਂ, ਤੰਦੋ ਥਾਲੇ ਤੇ ਹੰਡੀਆਂ ਟੈਲਾਂ ਸਭ ਮੂਧੇ ਮਾਰ ਦਿਤੇ।...ਸਪਾਹੀਆਂ ਨੇ ਘਰਾਂ ਵਿਚੋਂ ਦੁਧ ਘਿਉ ਜ਼ਬਰਦਸਤੀ ਚੁਕ ਲਿਆ ਅਤੇ ਮਨਮਰਜ਼ੀ ਦੇ ਤੜਕੇ ਲਾ ਕੇ ਮੁਰਗੇ ਬਣਾਏ। ਲਗਾਂ ਜਵਾਨ ਕੁੜੀਆਂ ਨੂੰ ਤੀਜੇ ਤੀਜੇ ਅੰਦਰ ਡਕਿਆ ਹੋਇਆ ਸੀ। ਜਨਾਨੀਆਂ ਮਰਦ ਅਨਿਆਈ ਕਹਿਰ ਵਰਤਦਾ ਵੇਖ ਕੇ ਆਪੋ ਵਿੱਚੀ ਕਹਿ ਰਹੇ ਸਨ : ਹੁਣ ਦਾਦ ਫਰਿਆਦ ਕੀਹਦੇ ਕੋਲ ਕਰੀਏ ? ਜਦੋਂ ਵਾੜ ਈ ਖੇਤਾਂ ਨੂੰ ਖਾਣ ਲਗ ਪਵੇ, ਨਾ ਦੇਸ ਰਹੇ ਨਾ ਪਰਜਾ।

ਪੂਰਾ ਮਹੀਨਾ ਪੁਲਸ ਨੇ ਡੰਗਰਾਂ ਦੇ ਰੱਸੇ ਨਾ ਪਾਉਣ ਦਿਤੇ। ਜਨਾਨੀਆ ਦੇ ਰਾਖੀ ਰਖਣ ਦੇ ਬਾਵਜੂਦ ਚੋਥਾ ਹਿੱਸਾ ਪਸ਼ੂ ਦੂਜੇ ਪਿੰਡਾਂ ਨੂੰ ਨਿਕਲੇ ਵਾਪਿਸ ਨਾ ਆਏ। ਛੱਲੀਆਂ ਭਰੀਆਂ ਮੱਕੀਆਂ, ਸਿੱਟਿਆਂ 'ਤੇ ਆਇਆ ਬਾਜਰਾ, ਖਿੜੀਆਂ ਕਪਾਹਾਂ, ਗੱਲ ਕੀ ਪੂਰੇ ਮਹੀਨੇ ਵਿਚ ਸਾਉਣੀ ਦੀ ਫਸਲ ਦਾ ਸਤਿਆਨਾਸ ਮਾਰਿਆ ਗਿਆ। ਖੇਤਾਂ ਵਿਚ ਪੱਤਿਆਂ ਬਿਨਾਂ ਟਾਂਡਿਆ ਦੇ ਵਿਰਲੇ ਵਿਰਲੇ ਡੰਡੇ ਖਲੋਤੇ ਸਨ। ਸਾਰੇ ਪਿੰਡ ਨੂੰ ਸਾਹਤਸਤੀ ਨੇ ਨੱਚ ਲਿਆ ਸੀ' (354).

ਇਸ ਤੋਂ ਵਧ ਗੈਰ ਕਾਨੂੰਨੀ ਹੋਰ ਕੀ ਹੋ ਸਕਦੀ ਹੈ ? ਕਿਥੇ ਗਏ ਬੁਰਜ਼ੁਆ-ਸਟੇਟ ਦੇ ਕਾਨੂੰਨ ? ਪੁਲਸ-ਮੁਕਾਬਲਿਆਂ ਦੀ ਕਥਾ ਹੋਰ ਵੀ ਬਖੀਏ ਉਧੇੜਦੀ ਹੈ। ਪੀਤੂ ਨੂੰ ਟਾਹਲੀ ਨਾਲ ਬੰਨ੍ਹ ਕੇ ਗੋਲੀ ਮਾਰੀ ਗਈ ਤੇ ਸਾਡੀ 'ਆਜ਼ਾਦ' ਪ੍ਰੈਸ ਖਬਰ ਦਿੰਦੀ ਹੈ : 'ਇਨਾਮੀ ਨਕਸਲਵਾੜੀਆ ਪ੍ਰਤੀਮ ਸਿੰਘ ਜਲਾਣੇ ਦੇ ਢੱਕ ਨੇੜੇ ਮਾਰਿਆ ਗਿਆ।' (20) ਜੁਆਲੇ, ਸਤਿਨਾਮ ਤੇ ਭੋਲੇ ਨੂੰ ਹਵਾਲਾਤ ਵਿਚ ਬੰਦ ਕਰਕੇ ਵੀ ਪੁਲਸ ਦਾ ਮੁਖੀ ਇਹ ਆਖਦਾ ਹੈ, 'ਪਰ ਯਿਹ ਭੀ ਨਾ ਭੂਲੀਏ ਕਿ ਵੋਹ ਕਾਤਲ ਥੇ, ਮੁਕਾਬਲੇ ਮੇਂ ਮਾਰੇ ਗਏ। (119) ਲੋਕਾਂ ਨੇ ਬਥੇਰਾ ਆਖਿਆ, 'ਜਨਾਬ ਰੋਣਾ ਤਾਂ ਏਹੀ ਐ, ਮੁਕਾਬਲਾ ਕੋਈ ਨਹੀਂ ਹੋਇਆ, ਝੂਠ-ਮੂਠ ਬਣਾਇਆ ਏ।' ਤਾਂ ਪੁਲੀਸ ਵਾਲੇ ਹੱਥ ਕੰਡੇ ਵਰਤਣੇ ਸ਼ੁਰੂ ਕਰ ਦਿਤੇ। ਜਦੋਂ ਲੋਕਾਂ ਨੇ ਲਾਸ਼ਾਂ ਨੂੰ ਘੇਰਾ ਪਾ ਲਿਆ ਤਾਂ ਮਿਲਟਰੀ ਬੁਲਾ ਕੇ ਲੋਕਾਂ ਨੂੰ ਦਬ ਲਿਆ ਗਿਆ।

ਬਾਬਾ ਮਿਰਗਿੰਦ ਤੇ ਮਿਹਰ ਸਿੰਘ ਫੜੇ ਤਾਂ ਵੇਦ ਦੇ ਘਰੋਂ ਰੋਟੀ ਬਣਾਉਂਦੇ ਜਾਂਦੇ ਹਨ ਤੇ ਲਾਸ਼ਾਂ ਉਹਨਾਂ ਦੀਆਂ ਮਿਲਦੀਆਂ ਹਨ ਬਾਬੇ ਮਿਰਗਿੰਦ ਦੇ ਪਿੰਡ ਭੁਲਾਣੇ ਦੇ ਖੇਤਾ ਵਿਚੋਂ ! ਉਹਨਾਂ ਨੂੰ ਸ਼ਹੀਦ ਕਰ ਕੇ ਮੁਕਾਬਲੇ ਦੀ ਖਾਤਰ ਬੇਹਿਸਾਬ ਫੋਕੇ ਫਾਇਰ ਕੀਤੇ ਗਏ।

ਬੁਰਜ਼ੁਆ ਸਟੇਟ ਇਨਕਲਾਬ ਨੂੰ ਦਬਾਉਣ ਲਈ ਹਾਲਾਤ ਮੁਤਾਬਿਕ ਹਰ ਹੱਥ-ਕੰਡਾ ਵਰਤਦੀ ਹੈ। ਖਰੀਦਦੀ ਹੈ, ਪੁਚਕਾਰਦੀ ਹੈ। ਲੋਕਾਂ ਨੂੰ ਦਸਦੀ ਹੈ ਕਿ ਤੁਸੀਂ ਸਾਰੇ ਆਜ਼ਾਦ ਹੋ ਪਰ ਜੇ ਫਿਰ ਵੀ ਕੋਈ ਆਜ਼ਾਦੀ ਦੇ ਪੈਂਤੜੇ 'ਤੇ ਆਉਂਦਾ ਹੈ ਤਾ ਫਿਰ ਆਪਣਾ ਅਸਲੀ ਚਿਹਰਾ-ਮੁਹਰਾ ਲੈ ਕੇ ਪਰਗਟ ਹੁੰਦੀ ਹੈ। ਸਰਕਾਰ ਨੇ ਦਹਿਸ਼ਤ ਫਲਾਈ, ਫੜ ਕੇ ਝੂਠੇ-ਮੁਕਾਬਲਿਆਂ ਰਾਹੀਂ ਨਕਸਲੀ ਮਾਰੇ, ਅਣਮਨੁਖੀ ਤਸੀਹੇ ਦਿਤੇ। ਇਹੋ ਜਿਹੇ ਤਸੀਹਿਆਂ ਲਈ 'ਇਨਟੈਰੋਗੇਸ਼ਨ ਸੈਂਟਰ' ਕਾਇਮ ਕੀਤੇ ਗਏ। ਇਹਨਾਂ ਸੈਂਟਰਾਂ ਵਿਚ ਦਿਤੇ ਗਏ ਤਸੀਹਿਆ ਦੀ ਕਥਾ ਵੀ ਰੋਂਗਟੇ ਖੜੇ ਕਰਨ ਵਾਲੀ ਹੈ। ਕੰਵਲ ਨੇ ਇਸ ਪਖੋਂ ਵੀ ਬੁਰਜ਼ੁਆ-ਸਟੇਟ ਦੀ ਸ਼ਰਾਫਤ ਦਾ ਬੁਰਕਾ ਲੀਰੋ ਲੀਰ ਕਰਕੇ ਉਸ ਦਾ ਵਹਿਸ਼ੀ ਚਿਹਰਾ ਸਾਹਮਣੇ ਲਿਆਂਦਾ ਹੈ। ਪੀਤੂ ਨੂੰ, ਮਾਰਨ ਤੋਂ ਪਹਿਲਾ, ਤਿੰਨ ਦਿਨ ਕੜਕੇ ਵਿਚ ਚਾੜ੍ਹ ਕੇ ਰਖਿਆ ਗਿਆ ਤੇ ਉਸ ਦੀਆਂ ਅੱਖਾਂ ਵਿਚ ਲੂਣ ਪਾਇਆ ਗਿਆ (30) ਮਾਸਟਰ ਹਮੀਰ ਸਿੰਘ ਨੂੰ 'ਅਨੀਂਦਰੇ ਰਖਿਆ ਗਿਆ। ਬਾਹਾ ਪਿਛੇ ਬੰਨ੍ਹ, ਲੱਤਾਂ ਚੌੜੀਆਂ ਕਰਕੇ ਮਾਰਦੇ ਰਹੇ।' (101) ਉਸ ਦੇ ਮੂੰਹ ਉਤੇ ਗੂੰਹ ਵੀ ਰਖਿਆ। ਸਤਿਬੀਰ ਨੂੰ ਗਾਰਡਰ ਨਾਲ ਰੱਸਾ ਬੰਨ੍ਹ ਕੇ ਲਮਕਾ ਦਿਤਾ ਗਿਆ। (ਉਸ ਦਾ 'ਕਸੂਰ' ਐਨਾ ਕੁ ਸੀ ਕਿ ਉਸ ਨੇ ਨਕਸਲਵਾੜੀਆਂ ਨੂੰ ਭੁਖੇ ਰਾਹੀ ਸਮਝ ਕੇ ਚਾਹ ਪਿਆ ਦਿਤੀ ਸੀ) 'ਨੇਣੇ ਦੀ ਹਰੀ ਨਿਕਰ ਲੁਹਾ ਲਈ। ਬਾਹਾਂ ਪਿਛੇ ਬੰਨ੍ਹ ਦਿਤੀਆਂ ਅਤੇ ਡੰਡਾ ਪੱਟਾਂ ਤੇ ਪਿੱਜਣੀਆਂ ਦੇ ਸੰਨ੍ਹ ਕਸ ਦਿਤਾ।' (176) ਬੀਰੂ ਦੇ ਕਿੱਲੀ ਨਾਲ ਕੇਸ ਬੰਨ੍ਹ ਦਿਤੇ ਅਤੇ ਚਾਦਰਾ ਨੀਕਰ ਲੁਹਾ ਕੇ ਨੰਗਾ ਕਰ ਲਿਆ। (178) ਗੁਰਜੀਤ ਦੀਆਂ ਥਾਂ ਥਾਂ ਤੋਂ ਬਾਹਾਂ ਭੰਨੀਆਂ ਗਈਆਂ ਅਤੇ ਭੰਨੀਆਂ ਬਾਹਾਂ ਪਿੱਠ ਪਿਛੇ ਕਸ ਕੇ ਬੰਨ੍ਹ ਦਿਤੀਆਂ। ਥੰਮਲੇ ਨਾਲ ਨਰੜ ਕੇ ਉਸ ਦੀਆਂ ਲੱਤਾਂ ਨੂੰ ਜੁਮੈਟਰੀ ਦਾ ਸਟਰੇਟ ਐਂਗਲ ਬਣਾਉਣਾ ਸ਼ੁਰੂ ਕਰ ਦਿਤਾ। (232) ਬਾਬਾ ਮਿਰਗਿੰਦ ਤੇ ਮਿਹਰ ਸਿੰਘ ਨੂੰ ਸਾਰੀ ਰਾਤ ਸ਼ਰਾਬ ਪੀ ਪੀ ਕੁਟਦੇ ਰਹੇ। (292) ਡੀ. ਐਸ. ਪੀ. ਬਰਾੜ ਨੇ ਵੇਦ ਦੀਆਂ ਅੱਖਾਂ ਚਾਕੂ ਨਾਲ ਕੱਢ ਦਿਤੀਆਂ ! ਅੰਨ੍ਹੇ ਹੋਏ ਵੇਦ ਦੇ ਸਰੀਰ ਉਤੇ ਬੇਰਹਿਮੀ




*A Service For "You and Your family"*

Metropolitan Life's new service called "You and Your Family" shows how you can combine your life insurance, government social insurance benefits and other assets to provide the funds your family will need to meet their day-to-day living expenses when you are not around. Call me today and find out all about it.

**CHITRANJAN S. MANGAT**

950 Brentwood Mall
4567 Lougheed Hwy., Burnaby, B.C.
Telephone 291-6856 office;
594-2254 residence.

**Metropolitan Life**

Where the future is now

ਨਾਲ ਚਾਕੂ ਖੋਭੇ ਗਏ। ਬੰਦ ਕਾਲ ਕੋਠੜੀਆਂ ਵਿਚ ਨਕਸਲੀਆਂ ਨੂੰ ਭੁਖੇ ਰਖਿਆ ਗਿਆ, ਡਰਾਉਣ ਲਈ ਅੰਦਰ ਕਾਲੇ ਨਾਗ, ਬਿਛੂ, ਕੋਹੜ ਕਿਰਲੇ ਆਦਿ ਛਡੇ ਗਏ। ਪਜਾਮਿਆਂ ਵਿਚ ਭੁਖੇ ਚੂਹੇ ਪਾਏ ਗਏ। ਕੜਕਦੀ ਧੁੱਪ ਵਿਚ ਨਕਸਲੀਆਂ ਤੇ ਉਹਨਾਂ ਦੇ ਪਰਵਾਰਾਂ ਨੂੰ ਭੁਖੇ-ਪਿਆਸੇ ਘੰਟਿਆਂ-ਬਧੀ ਖੜਾ ਕੇ ਰਖਿਆ ਗਿਆ...ਵਗੈਰਾ, ਵਗੈਰਾ।

ਸੋ ਇਹ ਹੈ ਸਾਡੀ ਬੁਰਜ਼ੁਆ ਸਟੇਟ ਦਾ ਵਹਿਸ਼ੀ ਕਿਰਦਾਰ! ਇਹ ਹੈ ਉਸ ਦੇ ਵਿਧਾਨ ਤੇ ਕਾਇਦੇ ਕਾਨੂੰਨਾਂ ਦੀ ਅਸਲੀਅਤ!

ਕੰਵਲ ਗੱਲ ਦੀ ਬੁਨਿਆਦ ਨੂੰ ਪੈਂਦਾ ਹੈ। ਕਮਿਊਨਿਸਟ ਪਾਰਟੀਆਂ ਦੇ ਲੀਡਰਾਂ ਵਾਂਗ ਉਹ ਦੋਸ਼ ਅਫਸਰਸ਼ਾਹੀ 'ਤੇ ਨਹੀਂ ਸੁਟਦਾ ਸਗੋਂ ਉਸ ਨੂੰ ਪਤਾ ਹੈ ਕਿ ਗਲ ਧੁਰੋਂ ਤੇ ਹੋ ਕੇ ਤੁਰਦੀ ਹੈ। ਨਕਸਲੀਆਂ ਨੂੰ ਫੜ ਕੇ ਖਤਮ ਕਰਨ ਦੀ ਸਕੀਮ ਕੋਈ ਪੁਲਸ ਵਾਲਿਆਂ ਘਰੇ ਬੈਠ ਕੇ ਨਹੀਂ ਸੀ ਬਣਾ ਲਈ ਸਗੋਂ ਗ੍ਰਹਿਮੰਤਰੀ ਰਾਹੀਂ ਉਚ ਪੁਲਸ ਅਧਿਕਾਰੀਆਂ ਨੂੰ 'ਵਿਸ਼ਵਾਸ' ਵਿਚ ਲੈ ਕੇ ਅਮਲ ਵਿਚ ਲਿਆਂਦੀ ਗਈ ਸੀ। ਆਈ. ਜੀ. ਪਰਸ ਰਾਮ ਨੂੰ ਹਿਦਾਇਤਾਂ ਬੁਰਜ਼ੁਆ ਸਰਕਾਰ ਦੀਆਂ ਹਨ। ਮੁਖਬੈਨ ਦੇ ਕਾਤਲਾਂ ਦੇ ਫੜੇ ਜਾਣ' ਤੇ ਆਈ. ਜੀ. ਪਰਸ ਰਾਮ ਐਸ. ਪੀ ਰਘੁਨੰਦਨ ਨੂੰ ਜਦੋਂ ਗੋਲੀ ਮਾਰ ਦੇਣ ਲਈ ਆਖਦਾ ਹੈ ਤਾਂ "ਕਾਤਲਾਂ ਨੂੰ ਉਡਾ ਦੇਣਾ ਸੁਣ ਕੇ ਐਸ. ਪੀ. ਦੇ ਅੰਦਰ ਇਕ ਗੜਬੜ ਉਠ ਪਈ। ਇਹ ਸਿੱਧੀ ਬੇਕਾਨੂੰਨੀ ਸੀ। ਉਸ ਸੋਚ ਸੋਚ ਆਖਿਆ, 'ਮੇਰਾ ਖਿਆਲ ਐ ਸਰ, ਇਸ ਮਾਮਲੇ ਵਿਚ ਹੋਮ ਮਨਿਸਟਰ ਨੂੰ ਕਾਨਫੀਡੈਨਸ ਵਿਚ ਲੈ ਲਿਆ ਜਾਵੇ।' ਇਕ ਕਾਂਬਾ ਅੰਦਰੇ ਅੰਦਰ ਉਸ ਦੀ ਪੁਜੀਸ਼ਨ ਨੂੰ ਖਾਈ ਜਾ ਰਿਹਾ ਸੀ।

'ਹੋਮ ਪੰਜਾਬ ਦੀ ਬੱਗਾ ਮਨਿਸਟਰੀ। ਅਸੀਂ ਸੈਂਟਰ ਦੇ ਅੰਡਰ ਆਂ। ਮੇਰੀ ਹਰ ਤਰ੍ਹਾਂ ਤਸਹਿ ਹੋਈ ਹੋਈ ਐ, ਤੂੰ ਕੋਈ ਫਿਕਰ ਨਾ ਕਰ।' ਪਰਸ ਰਾਮ ਨੇ ਇਕ ਫੁੰਕਾਰਾ ਮਾਇਆ, ਜਿਵੇਂ ਸੀ. ਐਮ. ਉਹਦਾ ਚਪੜਾਸੀ ਸੀ। 'ਭਾਈ ਸਾਹਿਬ...ਸਾਰੇ ਸੀਕਰਿਟ ਮੈਂ ਸਮੇਂ ਤੋਂ ਪਹਿਲਾਂ ਤੇਰੇ ਅਗੇ ਨਹੀਂ ਰਖ ਸਕਦਾ ਪਰ ਮੋਟੇ ਤੌਰ 'ਤੇ ਸੁਣ ਲੈ: ਸਾਡੀ ਇਨਟੈਲੀਜੈਂਸ ਤੇ ਸੀ.ਆਈ.ਡੀ. ਦੀਆ ਰਿਪੋਰਟਾਂ ਚੋ ਤੱਤ ਹਨ: ਬੰਗਾਲ, ਬਿਹਾਰ, ਪੰਜਾਬ ਤੇ ਆਂਧਰਾ ਵਿਚ ਦੋਹਾਂ ਕਮਿਊਨਿਸਟ ਪਾਰਟੀਆਂ ਨੂੰ ਬੁਰਜੁਆ ਤੇ ਗ਼ਦਾਰ ਆਖਣ ਵਾਲਾ ਰੁਸਿਆ ਗਰੁਪ, ਹਥਿਆਰਬੰਦ ਇਨਕਲਾਬ ਦੇ ਨਾਹਰੇ ਨਾਲ ਖਲੋ ਗਿਆ ਹੈ।' (114)

ਸੋ ਗੱਲ ਸ਼ਪਸ਼ਟ ਹੈ ਕਿ ਨੀਤੀ ਕਿਥੋਂ ਤੇ ਕਿਵੇਂ ਤੋਰ ਹੁੰਦੀ ਹੈ। ਸਟੇਟ ਪਹਿਲਾਂ ਹੀ ਚੌਕੰਨੀ ਸੀ। ਚੌਕੰਨੀ ਕਿਉਂ ਸੀ? ਕਿਉਂਕਿ ਨਕਸਲੀਆਂ ਕੋਲੋਂ ਹਥਿਆਰਬੰਦ ਇਨਕਲਾਬ ਦਾ ਖਤਰਾ ਸੀ। ਸਟੇਟ ਨੂੰ ਹਮੇਸ਼ਾਂ ਪਾ ਹੁੰਦਾ ਹੈ ਉਹਦੀ ਦਾੜ੍ਹੀ ਨੂੰ ਕੌਣ ਪੈ ਸਕਦਾ ਹੈ, ਕੌਣ ਨਹੀਂ। ਭਾਰਤੀ ਕਮਿਊ-ਨਿਸਟ ਪਾਰਟੀਆਂ ਬਾਰੇ ਤਾਂ ਉਹ ਪੂਰੀ ਤਰ੍ਹਾਂ ਨਿਸ਼ਚਿੰਤ ਹੈ ਕਿ ਇਹਨਾਂ ਤਿਲਾਂ ਵਿਚ ਹੁਣ ਤੇਲ ਨਹੀਂ, ਇਹ ਤਾਂ ਚਲੇ ਹੋਏ ਕਾਰਤੂਸ ਹਨ। ਆਰਥਕਤਾਵਾਦ ਤੇ ਟਰੇਡ ਯੂਨੀਅਨ-ਵਾਦ ਨੇ ਉਹਨਾਂ ਨੂੰ ਬਿਉਰੋਕਰੇਟਸ ਬਣਾਇਆ ਹੋਇਆ ਹੈ।

ਬੁਰਜੁਆ-ਸਟੇਟ ਦਾ ਸਹੀ ਕਿਰਦਾਰ ਸਾਹਮਣੇ ਲਿਆਉਣ ਦੇ ਨਾਲ ਨਾਲ ਕੰਵਲ ਨੇ ਨਕਸਲੀਆਂ ਦੀ ਆਪਣੇ ਵਿਸ਼ਵਾਸ ਪ੍ਰਤਿ ਸ਼ਿਦਤ, ਮਹਾਨ ਕਾਰਜ ਲਈ ਸ਼ਹੀਦੀ ਦੇ ਸ਼ੌਕ ਦਾ ਵਰਣਨ ਵੀ ਪੂਰੀ ਸਾਹਿਤਕ ਦਿਆਨਤਦਾਰੀ ਨਾਲ ਕੀਤਾ ਹੈ। ਉਹ ਆਪਣੇ ਨਿਸ਼ਾਨੇ, ਆਪਣੀ ਹੋਣੀ ਪ੍ਰਤਿ ਬੜੇ ਸਪਸ਼ਟ ਹਨ। ਉਹਨਾਂ ਦਾ ਵਿਸ਼ਵਾਸ ਹੈ ਕਿ ਇਨਕਲਾਬ ਬਿਨਾਂ ਲੋਕ-ਮੁਕਤੀ ਅਸੰਭਵ ਹੈ। ਉਹਨਾਂ ਨੂੰ ਪਤਾ ਹੈ "ਚੋਣਾ ਸਰਮਾਏਦਾਰੀ ਦਾ ਵਿਧਾਨਕ ਪਾਖੰਡ ਹੈ। ਤਾ ਜੋ ਆਰਥਕ-ਲੁਟ ਤੋਂ ਤੰਗ ਆਏ ਲੋਕ ਹਥਿਆਰਬੰਦ ਬਗਾਵਤ ਉਤੇ ਵਿਸ਼ਵਾਸ ਨਾ ਲੈ ਆਉਣ। ਸਰਮਾਏਦਾਰੀ ਦਾ ਪਾਲਿਆ ਏਜੰਟ ਮਹਾਤਮਾ ਗਾਂਧੀ ਏਸੇ ਲਈ ਗੁਰੂ ਗੋਬਿੰਦ ਸਿੰਘ ਨੂੰ ਮੁਗਲ ਜ਼ਾਬਰਾ ਵਿਰੁਧ ਤਲਵਾਰ ਚੁਕਣ ਉਤੇ ਭੁਲੜ ਦੇਸ਼-ਭਗਤ ਆਖਦਾ ਸੀ।" (42) ਇਸੇ ਕਰਕੇ ਉਹ ਹਥਿਆਰਬੰਦ ਇਨਕਲਾਬ ਦਾ ਰਾਹ ਅਪਣਾਉਂਦੇ ਹਨ। ਉਹ ਲੜਦੇ ਹਨ, ਸ਼ਹੀਦ ਹੁੰਦੇ ਹਨ, ਤਸੀਹੇ ਝਲਦੇ ਹਨ ਪਰ ਆਪਣੇ ਆਦਰਸ਼ ਤੋਂ ਮੂੰਹ ਨਹੀਂ ਮੋੜਦੇ, ਦੁਸ਼ਮਣ ਅਗੇ 'ਉਂ' ਨਹੀਂ ਕਹਿੰਦੇ। ਇਨਕਲਾਬੀ ਵਿਰਸੇ ਦੀਆਂ ਸ਼ਹਾਦਤਾਂ ਤੋਂ ਤਾਕਤ ਗ੍ਰਹਿਣ ਕਰਦੇ ਹਸਦੇ ਹਸਦੇ ਮੌਤ ਨੂੰ ਗਲਵਕੜੀ ਪਾਉਂਦੇ ਹਨ।

ਇਕ ਗੱਲ ਕੰਵਲ ਨੇ ਇਸ ਨਾਵਲ ਵਿਚ ਹੋਰ ਵੀ ਵਧੀਆ ਕੀਤੀ ਹੈ। ਨਕਸਲੀ ਕਮਿਊ-ਨਿਸਟਾਂ ਦੀ ਸ਼ਹਾਦਤ ਨੂੰ ਸਿੱਖ ਵਿਰਸੇ ਦੀ ਲੜੀ ਵਿਚ ਰਖ ਕੇ ਵੇਖਿਆ ਹੈ। ਹੁਣ ਤਕ ਸਾਡੇ ਕਮਿਊਨਿਸਟ ਭਾਈਆਂ ਨੇ ਆਪਣੇ ਅਮੀਰ ਤੇ ਇਨਕਲਾਬੀ ਵਿਰਸੇ ਨੂੰ ਉੱਕਾ ਹੀ ਅਖੋਂ ਉਹਲੇ ਕਰ ਰਖਿਆ ਸੀ। ਨਤੀਜੇ ਦੇ ਤੌਰ 'ਤੇ ਸਿਖ-ਬੁਰਜ਼ੁਆਜੀ ਨੇ ਉਸ ਨੂੰ ਆਪਣੇ ਹਿੱਤ ਲਈ ਖੂਬ ਵਰਤਿਆ। ਕੰਵਲ ਨੇ ਨਕਸਲੀ ਸ਼ਹੀਦਾਂ ਦੀ ਸ਼ਹੀਦੀ ਨੂੰ ਇਨਕਲਾਬੀ ਸਿਖ-ਇਤਿਹਾਸ ਨਾਲ ਜੋੜ


## Film Information

### Vancouver

**METRO**
1370 S.W. Marine
266-7191

**OLYMPIA**
2381 E. Hastings
255-2920

**RIO**
1660 E. Broadway
873-1412

**YORK**
639 Commercial
255-0141

### Calgary

**PLAZA**
1133 Kensington Rd. N.W.
283-2223

ਕੇ ਇਹ ਸਪਸ਼ਟ ਕੀਤਾ ਹੈ ਕਿ ਵਰਤਮਾਨ ਤੇ ਭਵਿਖ ਦਾ ਇਨਕਲਾਬ ਭੂਤ ਦੇ ਇਨਕਲਾਬੀ ਵਿਰਸੇ ਬਿਨਾਂ ਲੰਗੜਾ ਹੈ, ਟੁੰਡਾ ਹੈ ਤੇ ਨਿਰਜਿੰਦ ਹੈ। ਨਕਸਲੀ ਸ਼ਹੀਦ ਸਿਖ ਗੁਰੂਆਂ ਤੇ ਸਿਖ-ਸ਼ਹੀਦਾਂ ਨੂੰ ਔਕੜ ਵੇਲੇ ਯਾਦ ਕਰਕੇ ਤਸੀਹੇ ਝਲਣ ਲਈ ਸ਼ਕਤੀ ਪ੍ਰਾਪਤ ਕਰਦੇ ਹਨ। ਜਦੋਂ ਗੁਰਜੀਤ ਦੀਆਂ ਲੱਤਾਂ ਦਾ ਸੰਨ੍ਹ ਚੀਰਿਆ ਜਾ ਰਿਹਾ ਸੀ ਤਾਂ 'ਦਰਦਾਂ ਦੀ ਤਾਬ ਨਾ ਲਿਆਉਂਦਾ ਹੋਇਆਂ ਉਸ ਆਪਣੀ ਲਗਨ ਤੱਤੀ ਤਵੀ ਉੱਤੇ ਬੈਠੇ ਗੁਰੂ ਅਰਜਨ ਨਾਲ ਜੋੜ ਲਈ। ਇਉਂ ਉਸ ਦੀ ਕਮਜ਼ੋਰ ਜ਼ਮੀਰ ਨੂੰ ਬਲ ਪਹੁੰਚਦਾ ਸੀ। ਉਹ ਸਿਦਕ ਦੇ ਰਾਹ ਮਰਨ ਵਾਲੇ ਸ਼ਹੀਦਾਂ ਨਾਲ ਆੜੀਆਂ ਪਾਉਣ ਲਗਾ।।' (234) ਉਹ ਆਪਣੇ ਆਪ ਨੂੰ ਗੁਰੀਲੇ ਸਿੰਘਾਂ ਨਾਲ ਤੁਲਨਾ ਦਿੰਦੇ ਹਨ ਅਤੇ ਸਰਕਾਰ ਨੂੰ ਮੀਰ ਮੰਨੂੰ ਨਾਲ। ਸਿੱਖੀ ਦਾ ਅਰਥ ਉਹਨਾਂ ਲਈ ਲੋਕਾਂ ਦੀ ਸੇਵਾ ਤੇ ਖੁਸ਼ੀ ਲਈ ਜੀਣਾ ਹੈ। ਇਨਕਲਾਬ ਤੋਂ ਮੂੰਹ ਫੇਰਨ ਵਾਲਾ ਮਨਮੁਖ ਤੇ ਇਨਕਲਾਬੀ ਗੁਰਮੁਖ। 'ਇਨਕਲਾਬ ਤਾਂ ਜਨਤਾ ਦਾ ਮੁਕਤੀ ਦਾਤਾ ਏ, ਸਾਰੇ ਬੰਧਨ ਤੋੜਨਹਾਰਾ। ਲੋਕਾਂ ਦੀ ਸੇਵਾ ਤੇ ਖੁਸ਼ੀ ਲਈ ਜੀਣਾ ਹੀ ਸਿਖੀ ਹੈ। ਮੈਂ ਮਨਮੁਖ ਹੋਕੇ ਨਹੀਂ ਜੀ ਸਕਦਾ।' (285)। ਸ਼ਹੀਦ ਹੋਣ ਤੋਂ ਪਹਿਲਾ ਬਾਬਾ ਮਿਰਜ਼ਿੰਦ ਥਾਣੇਦਾਰ ਸਵਰਨ ਸਿੰਘ ਨਾਲ ਇੰਜ ਗੱਲਾਂ ਕਰਦਾ ਹੈ :

'ਤੇਰਾ ਨਾਂ ਕਾਲਿਆ ਬੁਢਿਆ ?' ਸਵਰਨ ਸਿੰਘ ਨੇ ਮਿਰਜ਼ਿੰਦ ਨੂੰ ਅੱਖਾਂ ਵਿਖਾਈਆਂ।

'ਗੁਰੂ ਦਾ ਦੁਲਾਰਾ ਸਿੰਘ !' ਬਾਬੇ ਨੇ ਤਤ ਖਾਲਸੇ ਦੇ ਕਰਾਰੇ ਬੋਲਿਆਂ ਵਿਚ ਉਤਰ ਦਿਤਾ।

**'ਕਿਹੜਾ ਗੁਰੂ ?'**

'ਆਨੰਦਪੁਰ ਤੇ ਭੰਗਾਣੀ ਦੇ ਜੁੱਧਾਂ ਵਾਲਾ।'

ਜਦੋਂ ਸਵਰਨ ਸਿੰਘ ਹਿੱਕ ਥਾਪੜਦਾ ਹੈ ਕਿ ਇਨਕਲਾਬ ਦੇ ਰਾਹ ਵਿਚ ਉਹ (ਸਵਰਨ ਸਿੰਘ) ਖੜਾ ਹੈ ਤਾਂ ਬਾਬਾ ਜਵਾਬ ਦਿੰਦਾ ਹੈ 'ਭਾਈ ਥਾਣੇਦਾਰ ! ਇਕ ਪਾਸੇ ਗਰੀਬ ਕਿਰਤੀਆਂ ਦੇ ਬੇੜੇ ਦਾ ਮਲਾਹ ਗੁਰੂ ਗੋਬਿੰਦ ਸਿੰਘ ਸੀ, ਦੂਜੇ ਪਾਸੇ ਔਰੰਗਜ਼ੇਬ ਤੇ ਪਹਾੜੀ ਰਾਜੇ। ਇਹ ਲੜਾਈ ਨੇਕੀ ਤੇ ਬਦੀ ਵਿਚਕਾਰ ਐ...ਇਹ ਮੁਕਣ ਵਾਲੀ ਨਹੀਂ। ਇਹ ਕਲ੍ਹ ਸੀ, ਅਜ ਹੈ ਤੇ ਭਲਕੇ ਵੀ ਹੋਵੇਗੀ।' (290)

ਗੁਰਬਾਣੀ ਜਾਂ ਸਿਖ ਇਤਿਹਾਸ ਨਾਲ ਜੁੜੇ ਨਾਵਲ ਦੇ ਕਾਂਡਾਂ ਦੇ ਸਿਰਲੇਖ ਵੀ ਇਸ ਗੱਲ ਦੀ ਸ਼ਾਹਦੀ ਭਰਦੇ ਹਨ ਕਿ ਕੰਵਲ ਸਿਖ-ਵਿਰਸੇ ਨੂੰ ਨਵੇਂ ਹਾਲਾਤ ਮੁਤਾਬਿਕ ਇਨਕਲਾਬ ਦੀ ਪ੍ਰੇਰਨਾ ਲਈ ਵਰਤਦਾ ਹੈ। ' ਅਬਦਾਲੀ ਰਾਜੇ ਦੇ ਬਾਗੀ ਗੁਰੀਲੇ' 'ਤੈਂ ਕੀ ਦਰਦ ਨ ਆਇਆ 'ਚੋਟ ਪਈ ਦਮਾਮੇ ਦਲਾਂ ਮੁਕਾਬਲਾ', 'ਜਬੀ ਬਾਣ ਲਾਗੇ,ਤਬੀ ਰੋਸ ਜਾਗੇ', 'ਧਰਮ ਦੀ ਜੈ, ਪਾਪ ਦੀ ਖੈ' 'ਉਮਲ ਲਥੇ ਜੋਧੇ, ਮਾਰੂ ਵਜਿਆ,' 'ਹਰ ਕੇ ਸੰਤ ਨਾ ਆਖੀਐ, ਬਨਾਰਸ ਕੇ ਠੱਗ,' ਮੇਰਾ ਸਿੱਖੀ ਸਿਦਕ ਨਾ ਡੋਲੇ, 'ਪੁਰਜ਼ਾ ਪੁਰਜ਼ਾ ਕਟ ਮਰੇ' ਆਦਿ ਸਿਰਲੇਖ ਸਪਸ਼ਟ ਕਰਦੇ ਹਨ ਕਿ ਕੰਵਲ ਸਿਖੀ ਨੂੰ ਇਨ-ਕਲਾਬੀ ਅਰਥਾਂ ਵਿਚ ਗ੍ਰਹਿਣ ਕਰਦਾ ਹੈ। ਇਸ ਪਖੋਂ ਕੰਵਲ ਦੀ ਸਾਹਿਤ ਸਿਰਜਣਾ ਨੂੰ ਇਕ ਨਵੀਂ ਤੇ ਬਹੁ-ਮੁਲ ਦੇਣ ਹੈ।

'ਲਹੂ ਦੀ ਲੋਅ' ਲਿਖੇ ਜਾਣ ਨਾਲ ਇਤਿਹਾਸਿਕ ਨਾਵਲ ਦੀ ਪਰਿਭਾਸ਼ਾ ਵੀ ਦੁਬਾਰਾ ਵਿਚਾਰਣੀ ਪਵੇਗੀ। ਭਾਵੇਂ ਇਸ ਲਈ ਵਖਰੇ ਲੇਖ ਦੀ ਲੋੜ ਹੈ ਪਰ ਇਥੇ ਇਹ ਸਵਾਲ ਵਿਚਾਰਨ ਹਿਤ ਖੜਾ ਕਰਨਾ ਜ਼ਰੂਰੀ ਹੈ ਕਿ ਕੀ ਪਾਤਰਾਂ, ਘਟਨਾਵਾਂ ਤੇ ਥਾਵਾਂ ਦੇ ਸਹੀ ਨਾ ਜੇ ਨਾ ਲਏ ਜਾਣ, ਤਾਂ ਉਹ ਨਾਵਲ ਜਾਂ ਰਚਨਾ ਇਤਿਹਾਸਿਕ ਨਹੀਂ ਰਹਿੰਦੀ ? ਕੀ ਕੋਈ ਰਚਨਾ ਇਸੇ ਕਰਕੇ ਇਤਿਹਾਸਿਕ ਨਹੀਂ ਰਹਿੰਦੀ ਕਿਉਂਕਿ ਉਸ ਦੇ ਲੇਖਕ ਨੇ ਦਯਾ ਸਿੰਘ ਨੂੰ ਮਿਹਰ ਸਿੰਘ, ਹਾਕਮ ਨੂੰ ਹੁਕਮਾ, ਗੁਰਮੀਤ ਨੂੰ ਗੁਰਜੀਤ ਤੇ ਦਧਾਹੂਰ ਨੂੰ ਲੁਹਾਰ ਮਾਜਰਾ ਲਿਖ ਦਿਤਾ ਹੈ। (ਇਸ ਉਤੇ ਵਿਸਥਾਰ ਨਾਲ ਚਰਚਾ ਵਖਰੇ ਲੇਖ ਵਿਚ ਕੀਤੀ ਜਾਵੇਗੀ)

ਥੋੜੇ ਸ਼ਬਦਾਂ ਵਿਚ, 'ਲਹੂ ਦੀ ਲੋਅ' ਇਕ ਇਤਿਹਾਸਕ ਤੇ ਸਿਆਸੀ ਦਸਤਾਵੇਜ਼ ਹੈ ਜਿਸ ਰਾਹੀਂ ਕੰਵਲ ਨੇ ਇਕ ਕਠੋਰ ਸੱਚ ਨੂੰ ਬੜੀ ਦਲੇਰੀ ਨਾਲ ਸਾਭੇ ਸਾਹਮਣੇ ਲਿਆ ਰਖਿਆ ਹੈ। ਇਸ ਦਲੇਰੀ ਦੀ ਪੰਜਾਬੀ ਸਾਹਿਤ-ਜਗਤ ਕਿੰਨੀ ਕੁ ਦਾਦ ਦਿੰਦਾ ਹੈ, ਇਹ ਉਸ ਦੀ ਅਪਣੀ ਮਾਨਸਿਕ-ਬਣਤਰ ਉਤੇ ਨਿਰਭਰ ਹੈ।




ਸੋਨੇ ਦੇ ਲੇਟੈਸਟ ਡੀਜ਼ਾਈਨਾਂ ਲਈ

ਸੋਨੀ ਐਂਡ ਸਨਜ਼

SONI & SONS
JEWELLERS
Specialist in East Indian Jewelery

6524 MAIN ST.
( AT 49th. Ave.)
VANCOUVER, B.C.

PHONE 324-1012
RES. 327-0783

# “ਸੁੰਨਾ-ਖਿਆਲ”

ਕਰਮਜੀਤ ਘੁਮਾਣ

ਲਾਜ ਉਦਾਸ ਜਿਹੀ ਬੈਠੀ ਕਿਸੇ ਸੋਚ ਨੂੰ ਨੇਪਰੇ ਚਾੜ੍ਹਨ ਵਿਚ ਉਲਝੀ ਹੋਈ ਸੀ। ਕਈ ਕੰਮ ਅਧੂਰੇ ਪਏ ਸਨ; ਪਰ ਉਸਦਾ ਮਨ ਨਹੀਂ ਸੀ ਖੜ੍ਹਦਾ। ਇਕ ਉਮੰਗ ਜੋ ਉਭਰ ਕੇ ਧੁੰਦਲੀ ਜਾਪਣ ਲਗ ਪਈ ਸੀ, ਇਕ ਟੇਢਾ ਜਿਹਾ ਸਵਾਲ ਬਣ ਗਈ। "ਮੇਰੇ ਵਿਚ ਕੀ ਘਾਟ ਹੈ, ਕੀ ਮੇਰਾ ਸੁਹੱਪਣ ਘੱਟ ਹੈ ? ਇਹ ਕਿਵੇਂ ਹੋ ਸਕਦਾ ਹੈ ! ਮੇਰਾ ਪਤੀ ਹਮੇਸ਼ਾ ਮੇਰੇ ਰੂਪ ਦੇ ਹੀ ਤਾਂ ਗੁਣ ਗਾਉਂਦਾ ਰਹਿੰਦਾ ਹੈ । ਜਦ ਮੈਂ ਵਿਆਹੀ ਆਈ ਸਾਂ ਹਰ ਕੋਈ ਮੇਰੇ ਰੂਪ ਨੂੰ ਸਲਾਹੁੰਦਾ ਨਹੀਂ ਸੀ ਥੱਕਦਾ। ਹੁਣ ਵੀ ਕਿਹੜਾ ਘੱਟ ਹਾਂ ਜਣਾ ਖਣਾ ਮੈਨੂੰ ਡੂੰਘੀ-ਅੱਖ ਨਾਲ ਵੇਖਦਾ ਹੈ। ਫਿਰ ਕਿਉਂ ਨਹੀਂ ਦਿਲਗੀਰ ਮੈਨੂੰ ਸਮਝਣ ਦੀ ਕੋਸ਼ਿਸ਼ ਕਰਦਾ। ਕੀ ਮੇਰੇ ਵਿਚ ਕੋਈ ਕਸ਼ਿਸ਼ ਨਹੀਂ ? ਐਨੀ ਵਾਰ ਤਾਂ ਮੈਂ ਉਸ ਨੂੰ ਪਿਆਰ-ਭੁਖੀਆਂ ਅੱਖਾਂ ਨਾਲ ਤੱਕਿਆ ਹੈ । ਉਹ ਫਿਰ ਵੀ ਮੇਰੀ ਉਭਰਦੀ ਲਾਲਸਾ ਨੂੰ ਨਹੀਂ ਭਾਂਪਦਾ। ਨਾ ਹੀ ਉਸ ਦੀਆਂ ਨਜ਼ਰਾਂ ਕਦੇ ਸਾਂਝ ਦੀ ਝਲਕ ਦਿੰਦੀਆਂ ਹਨ ਪਤਾ ਨਹੀਂ ਕਿਉਂ ਉਸਦੀਆਂ ਅੱਖਾਂ ਵਿਚ ਬੰਜਰ ਜਿਹੀ ਰਹਿੰਦੀ ਹੈ। ਮੈਨੂੰ ਵੇਖਕੇ ਤਾਂ ਬੱਸ ਡੂੰਨ-ਬੱਟਾ ਹੀ ਹੋ ਜਾਂਦਾ ਹੈ। ਪਰ ਜਦ ਮੇਰ ਪਤੀ ਨਾਲ ਗੱਲਾਂ ਕਰਦਾ ਹੈ, ਪਤਾ ਨਹੀਂ ਉਹਦੇ ਵਿਚ ਕਿਥੋਂ ਬਲ ਆ ਜਾਂਦਾ ਹੈ। ਮੇਰੇ ਨਾਲ ਕਦੇ ਕੂਇਆ ਤੱਕ ਨਹੀਂ। ਦੋਨੋ ਜਣੇ ਹੱਸ ਹੱਸ ਦੂਹਰੇ ਹੋ ਜਾਂਦੇ ਹਨ। ਜਦ ਮੈਂ ਕੋਲੇ ਜਾ ਬੈਠਾਂ ਤਾਂ ਜਾਣੀ ਗੂੰਗਾ ਹੋ ਜਾਂਦਾ ਹੈ । ਤ ਹੀਓ ਤਾਂ ਮੈਂ ਦੂਸਰੇ ਕਮਰੇ 'ਚ ਬੈਠਕੇ ਉਹਦੇ ਹਾਸਿਆ ਤੇ ਲੁਝਦੀ ਰਹਿੰਦੀ ਹਾਂ। ਇਹ ਹਾਸੇ ਹੀ ਤਾਂ ਮੇਰੇ ਦਿਲ ਨੂੰ ਕੋਂਹਦੇ ਹਨ। ਐਨੀ ਖਿੱਚ ਹੈ ਉਹਦੇ ਵਜੂਦ ਵਿਚ ਕਿ ਬੱਸ......। ਬੋਲਣ ਢੰਗ ਤਾਂ ਕਤਲ ਹੀ ਕਰਦਾ ਹੈ। ਗੱਲਾਂ ਵੀ ਖੂਬ ਵੱਡਿਆਂ ਵਡੇਰਿਆਂ ਵਾਂਗੂ ਕਰੂ। ਖੁਦ ਵਿਆਹ ਨਹੀਂ ਕਰਵਾਇਆ ਪਰ ਮੱਤਾਂ ਕਬੀਲਦਾਰਾਂ ਨੂੰ ਦੇਂਦਾ ਰਹਿੰਦਾ ਹੈ । ਇਕ ਪਾਸੇ ਮੇਰਾ ਪਤੀ ਹੈ, ਜਿਵੇਂ ਕਹੋ ਸਿਰ ਹਿਲਾ ਛੱਡਦਾ ਹੈ। ਕਦੇ ਅੰਦਰ-ਲੀਆਂ ਨਹੀਂ ਛੇੜਦਾ। ਬੱਸ ਐਨਾ ਆਖ ਛੱਡਦੇ, "ਲਾਜ ਆਹ ਵੇਖ ! ਫਲਾਣੇ ਮੰਤ੍ਰੀ ਨੇ ਬੜਾ ਕਸਵਾਂ ਬਿਆਨ ਦਿੱਤਾ ਹੈ, ਫਲਾਣਾ ਤਾਂ ਘੁਗੂ ਹੈ, ਲੋਕਾਂ ਦੀ ਆਵਾਜ਼ ਨਹੀਂ ਸਮਝਦਾ। ਜਾਂ ਫਿਰ ਆਖੂ ਅਹਿ ਨਾਵਲ ਬੜਾ ਹਕੀਕੀ ਹੈ, ਲੇਖਕ ਨੇ ਕਮਾਲ ਹੀ ਕਰ ਛੱਡੀ ਹੈ ।" ਬੱਸ ਰਾਤ ਦਿਨ ਮੰਤ੍ਰੀਆਂ ਤੇ ਕਿਤਾਬਾਂ ਦੇ ਕਿਸੇ । ਕਿਤਾਬਾਂ ਪੜ੍ਹਕੇ ਵੀ ਉਹਨੂੰ ਆਪਣੇ ਜੀਵਣ-ਸਾਥੀ ਦੇ ਦਿਲੀ ਉਬਾਲ ਪੜ੍ਹਨ ਦਾ ਗਿਆਨ ਨਹੀਂ ਹੁੰਦਾ। ਨਾ ਹੀ ਆਪਣੇ ਦੋਸਤ ਦਿਲਗੀਰ ਦੀਆਂ ਗਲਾਂ 'ਚੋਂ ਕੁਝ ਪਲੇ ਲਾਉਂਦਾ ਹੈ। ਦਿਲਗੀਰ ਕੇਹੋ ਜਿਹਾ ਹੈ ਜਿਹੜਾ ਮੱਝ ਮੂਹਰੇ ਬੀਨ ਬਜਾਉਂਦਾ ਰਹਿੰਦਾ ਹੈ। ਏਹੀ ਬੀਨ ਤਾਂ ਮੇਰੇ ਕਾਲਜੇ ਛੇਕ ਪਾਉਂਦੀ ਹੈ। ਹੋ ਸਕਦੈ ਉਹ ਮੈਨੂੰ ਭੁਰਮਾਉਣ ਲਈ ਹੀ ਅਜੇਹਾ ਕਰਦਾ ਹੋਵੇ, ਮੇਰੇ ਪਤੀ ਨਾਲੋਂ ਆਪਣੇ ਆਪ ਨੂੰ ਸੂਝਵਾਨ ਦਰਸਾਉਂਦਾ ਹੋਵੇ, ਤਾਂਹੀਓ ਤਾਂ ਲਗਾਤਾਰ ਸਾਡੇ ਘਰ ਆਉਂਦਾ ਹੈ, ਜੇ ਅਜੇਹਾ ਹੈ ਫੇਰ ਨਜ਼ਰ ਕਿਉਂ ਨਹੀਂ ਮੇਲਦਾ। ਚਾਰ ਮਹੀਨੇ ਹੋ ਗਏ ਪ੍ਰਤਿਉਂਦੀ ਨੂੰ, ਐਨੇ ਚਿਰ 'ਚ ਨਹੀਂ ਸਮਝਿਆ, ਉਹ ਕਿਹੜਾ ਬਾਲੜਾ ਹੈ। ਖਚਰੀਆਂ ਅੱਖਾਂ ਨਾਲ ਵੀ ਤਾਂ ਵੇਖਦਾ ਹੀ ਰਹਿੰਦਾ ਹੈ। ਹੁਣ ਕਦੇ ਆਏ ਨੂੰ ਦਿਲ ਦੀ ਕਹਿ ਹੀ ਸਣਾਉਣੀ ਹੈ। ਪੁਛਾਂਗੀ ਨਾਂ ਉਹਨੇ ਮੈਨੂੰ ਕੀ ਸਮਝ ਰੱਖਿਐ, ਪਰ ਕੱਲਾ ਵੀ ਮਿਲੇ ਨਾ ਕਦੇ। ਉਹਨਾਂ ਦੇ ਘਰ ਹੁੰਦਿਆਂ ਹੀ ਆਉਂਦਾ ਹੈ। ਸ਼ਾਇਦ ਉਹਦਾ ਮਤਲਬ ਹੈ ਮੈਂ ਉਹਦੇ ਪੈਰੀਂ ਡਿੱਗਾਂ ਖੁਦ-ਗਰਜ਼......। ਆਪਣੇ ਜਾਣੇ ਮੈਨੂੰ ਕੀਲਣਾ ਚਾਹੁੰਦਾ ਹੈ । ਕੀਲੀ ਵੀ ਜਾਵਾਂ ਜੇ ਮੇਰੀ ਰਮਜ਼ ਸਮਝੇ। ਮੇਰੀਆਂ ਮਿੰਨ੍ਹੀਆਂ ਮੁਸਕਾਨਾਂ ਤੋਂ ਸਮਝ ਤਾਂ ਗਿਆ ਹੋਣਾ ਹੈ। ਫੇਰ ਮੇਰੇ ਮਲ੍ਹਾਰਾਂ ਦਾ ਹਾਮੀ ਕਿਉਂ ਨਹੀਂ ਬਣਦਾ? ਉਹਦੇ ਦਿਲ ਵਿਚ ਜ਼ਰੂਰੀ ਕੋਈ ਛੇਦ ਹੈ । ਉਹ ਕਿਸੇ ਹੋਰ ਨੂੰ ਪਿਆਰ ਕਰਦਾ ਹੋਊ, ਹੋ ਸਕਦੈ ਹੋਰ ਉਹਦੇ ਅਰਮਾਨਾਂ ਦੀ ਪਾਲਣਾ ਕਰਦੀ ਹੋਵੇ, ਉਹ ਕਿਸੇ ਹੋਰ ਦੇ ਦਿਲੀ-ਉਬਾਲ ਠੰਡੇ ਕਰਦਾ ਹੋਵੇ। ਜਾਂ ਫਿਰ ਹੋ ਸਕਦੈ ਕਿਸੇ ਫਰਜ਼ ਦੀ ਪਾਲਣਾ ਕਰਦਾ ਹੋਵੇ । ਮੇਰੇ ਪਤੀ ਨਾਲ ਹੀ ਮਿੱਤ੍ਰ-ਧਰੋਹੀ ਕਰਨ ਤੋਂ ਸੰਕੋਚ ਕਰਦਾ ਹੋਵੇ । ਮੇਰੇ ਪਤੀ ਨਾਲ ਵੀ ਉਹ ਕਾਫੀ ਗੂੜਾ ਹੈ। ਉਹ ਇਕ ਦੋ ਦਿਨ ਨਾ ਮਿਲਣ ਤਾਂ ਖੂਬ ਇਕ ਦੂਜੇ ਤੇ ਸ਼ਿਕਵੇ ਦਰਸਾਉਂਦੇ ਹਨ। ਉਹਨਾਂ ਦੇ ਵਿਚਾਰ ਵੀ ਤਾਂ ਆਪਸੀ ਮਿਲਦੇ ਹਨ। ਇਸੇ ਕਰਕੇ ਹੀ ਤਾਂ ਕਾਫੀ ਮੇਲ ਜੋਲ ਹੈ। ਹਾਲੇ ਪਿਛਲੇ ਹਫਤੇ ਹੀ ਤਾਂ ਦਿਲਗੀਰ ਦੀ ਮਾਂ ਨੇ ਸਾਨੂੰ ਆਪਣੇ ਘਰ ਖਾਣੇ ਤੇ ਬੁਲਾਇਆ ਸੀ। ਕਿੰਨਾ ਮੋਹ ਉਲਾਰਿਆ ਸੀ ਮਾ ਪੁਤ ਨੇ ਉਸ ਦਿਨ ਸਾਡੇ ਨਾਲ, ਆਪਸੀ ਐਨੇ ਭਿੱਜੇ ਕਿ ਅਸੀਂ ਘਰ ਪਰਤਣ ਦਾ ਵੀ ਚੇਤਾ ਖੋ ਬੈਠੇ, ਕਿੰਡੀ ਰਾਤ ਗਈ ਘਰ ਮੁੜੇ। ਰਾਹ ਵਿਚ ਆਉਂਦਿਆਂ ਮੇਰੇ ਪਤੀ ਨੇ ਦਿਲਗੀਰ ਦੀ ਤਾਰੀਫ ਦੇ ਉਹ ਪੁਲ ਉਸਾਰੇ ਕਿ ਕਹਿਣ ਦੀ ਨਹੀਂ ਰਹੀ। "ਬੜੇ ਮੁੰਡਿਆਂ ਦੀ ਨੇੜ੍ਹਤਾ ਦਾ ਸੁਭਾਗ ਹੋਇਆ ਮੈਨੂੰ ਕਾਲਿਜ਼ ਦੇ ਦਿਨਾਂ ਵਿਚ ਪਰ ਦਿਲਗੀਰ ਵਰਗਾ ਸਾਂਝੀ ਕੋਈ ਨਹੀਂ ਟੱਕਰਿਆ। ਬੜਾ ਡੂੰਘਾ ਇਨਸਾਨ ਏ, ਯਾਰ ਨਾਲ ਹਰ ਪਾਸਿਓ ਸਹੀ ਉਤਰਦਾ ਏ। ਮੈਂ ਕਈ ਵਾਰ ਸੋਚਦਾ ਹਾਂ ਕਿੰਨੇ ਚੰਗੇ ਭਾਗ ਹਨ ਮੇਰੇ, ਜਿਸ ਨੂੰ ਅੱਜ ਕਲ ਦੇ ਮਤਲਬੀ ਯੁਗ ਵਿਚ ਇਕ ਹਮਦਰਦ ਦੋਸਤ ਮਿਲਿਆ ਹੈ।" ਹੋ ਸਕਦੈ ਮੇਰੇ ਪਤੀ ਵਾਂਗ ਉਹਦੇ ਜਿਹਨ 'ਚ ਵੀ ਦ੍ਰਿੜ-ਸਾਹਸ ਹੋਵੇ। ਪਰ ਮੇਰਾ ਪਤੀ, ਤਾਂ ਭੋਲਾ ਹੈ। ਮਲੰਮਲੀ ਹਰ ਇਕ ਤੇ ਵਿਸ਼ਵਾਸ਼ ਕਰ ਲੈਂਦਾ ਹੈ, ਮੇਰੇ ਤੇ ਵੀ

ਬਾਕੀ ਸਫ਼ਾ 36 ਤੇ

ਮਿਨੀ ਸਚਾਈ ਕਾਲਮ

● ਅਮਰਜੀਤ ਚਾਹਲ

ਲੰਮੀਆਂ ਝਿੰਮਣੀਆਂ ਵਾਲੀਆਂ ਅੱਖਾਂ ਨੂੰ ਉਸ ਹੈਰਾਨੀ ਨਾਲ ਝਮਕਿਆ ਤੇ ਭਵਾਂ ਉਤਾਂਹ ਚੜ੍ਹਾ ਕੇ ਪੰਜਾਬੀ ਰਸਾਲਾ ਚੁੱਕ ਲਿਆ।

ਰਸਾਲਾ ਫੋਲਕੇ ਵੇਖਿਆ, ' ਹੈਂ; ਏਹ ਵੱਧੋ ਕੈਨੇਡਾ ਵਿੱਚ ਛਪਦਾ ਤੇ ਪੰਜਾਬੀ ਦੇ ਉੱਘੇ ਲੇਖਕਾਂ ਤੇ ਕੈਨੇਡਾ ਦੇ ਲੇਖਕਾਂ ਦੀਆਂ ਰਚਨਾਵਾਂ ... !' ਉਸਦੇ ਮਨ ਵਿਚਲਾ ਪੰਜਾਬੀ ਪ੍ਰਤੀ ਸੁੱਤਾ ਸੁੱਤਾ ਪਿਆਰ-ਵਲਵਲਾ ਸਿਖਰਾਂ ਛੋਹ ਗਿਆ।

"ਸਿਰ 'ਚ ਮਾਰਨਾ, ਸਿੱਟ ਪਰਾਂ ਇਹਨੂੰ ... ... !" ਉਸਦਾ ਪਤੀ ਚੀਖਿਆ।

"ਨਹੀਂ, ਲਿਪਸਟਿਕ ਰਹਿਣ ਦਿਉ, ਇਹ ਜ਼ਰੂਰ ਲੈ ਦਿਉ!", ਉਸਨੇ ਤਰਲਾ ਲਿਆ।

"ਜੇ ਇਹ ਲੈਣ ਸੀ ਤਾਂ ... ... ਲਿਪਸਟਿਕ ਵੀ ਨਹੀਂ ਤੇ ਇਹ ਵੀ ਨਹੀਂ ... ... !"

ਆਦਮੀ ਵਿੱਚ ਕੈਨੇਡਾ ਵਾਲੀ 'ਮਗਰੂਰੀ' ਸੀ।

ਤੀਵੀਂ ਵਿੱਚ ਭਾਰਤ ਵਾਲੀ 'ਮਜ਼ਬੂਰੀ' ਸੀ।

... ਤੇ ਉਹ ਲਮਕਦਾ ਮੂੰਹ ਤੇ ਉਦਾਸਿਆ ਮਨ ਲੈ ਸਟੋਰ 'ਚੋਂ ਬਾਹਰ ਨਿੱਕਲ ਆਈ।

ਦਿਨਾਂ ਦੀ ਰਾਖੜੀ ਦੇ ਜ਼ੋਰ ਨਾਲ ਉਸਨੇ ਜੂਠੀਆਂ ਪਲੇਟਾਂ ਧੋਤੀਆਂ, ਕਿਸੇ ਹੋਟਲ ਦੇ ਕਮਰਿਆਂ ਦੀ ਸਫ਼ਾਈ ਕੀਤੀ ਤੇ ਆਕਾਸ਼ ਛੂੰਹਦੀਆਂ ਇਮਾਰਤਾਂ ਦੀਆਂ ਫ਼ਰਸ਼ਾਂ ਨੂੰ ਵੈਕਸ ਕਰ ਕਰ ਚਮਕਾਇਆ।

ਉਸਦੀ ਛੋਟੀ ਭੈਣ ਵਿਆਹ ਕਰਾਉਣ ਲਈ ਉਹਨਾਂ ਕੋਲ ਆ ਗਈ। ਘਰ ਦਾ ਛੋਟਾ ਮੋਟਾ ਸਮਾਨ ਖਰੀਦਣ ਉਹ ਦੋਵੇਂ ਸਟੋਰ ਗਈਆਂ।

"ਦੀਦੀ, ਵੇਖੋ ਨਾ ਇੱਧਰ... !" ਛੋਟੀ ਭੈਣ ਨੇ ਪੰਜਾਬੀ ਦਾ ਓਹੀ ਰਸਾਲਾ ਚੁੱਕਿਆ ਹੋਇਆ ਸੀ।

ਰਸਾਲੇ ਦੀ ਕੀਮਤ ਅਤੇ ਉਤਨੇ ਪੈਸੇ ਤੇਰ... ... ਘਰ ਦੀ ਕੋਈ ਚੀਜ਼ ਪੂਰੀ ਹੋਵੇਗੀ।

"ਵੇਖੋ ਨਾ ਇਸਦੀ ਕੀਮਤ... ... !", ਉਹ ਉਸਨੂੰ ਭੁਚਲਾਉਣ ਦੇ ਆਹਰ ਲੱਗ ਗਈ," ਜੇ ਮੁਫ਼ਤ ਹੁੰਦਾ....."

---

● ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਵਿਜੇਤਾ ਪ੍ਰਸਿਧ ਨਾਟਕਕਾਰ ਡਾ: ਹਰਚਰਨ ਸਿੰਘ (ਸਾਬਕ ਹੈੱਡ, ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ) ਆਪਣੀ ਪੁਸਤਕ "ਪ੍ਰਦੇਸਾਂ ਵਿੱਚ ਪੰਜਾਬੀ" ਲਈ ਅੱਜਕਲ ਕੈਨੇਡਾ ਦੀ ਖੋਜ ਯਾਤਰਾ ਕਰ ਰਹੇ ਹਨ। ਟੋਰਾਂਟੋ ਵਿੱਚ 'ਵਤਨੋਂ ਦੂਰ' ਦੇ ਸਲਾਹੀ ਸੁਖਿੰਦਰ ਵੱਲੋਂ ਨਾਟਕ 'ਕੱਲ੍ਹ ਅੱਜ ਤੇ ਭਲਕ' ਅਤੇ ਸਮਕਾਲੀ ਯਥਾਰਥ ਬਾਰੇ ਕਈ ਅਹਿਮ ਨੁਕਤੇ ਉਠਾਉਣ ਵਾਲੀ ਡਾਕਟਰ ਹੁਰਾਂ ਨਾਲ ਕੀਤੀ ਵਿਸ਼ੇਸ਼ ਮੁਲਾਕਾਤ ਜੋ ਇਸ ਅੰਕ ਵਿੱਚ ਛਪ ਜਾਣੀ ਸੀ, ਕਈ ਮਜ਼ਬੂਰੀਆਂ ਕਰਕੇ ਅਗਲੇ ਅੰਕਾਂ ਵਿੱਚ ਛਾਪੀ ਜਾਵੇਗੀ।

●● ਹੱਥ-ਲਿਖਤ ਦੀਆਂ ਸੀਮਾਵਾਂ ਕਾਰਨ ਜੁਲਾਈ 1977 ਵਿੱਚ "ਲਹੂ ਦੀ ਲੋਅ (ਨਾਵਲ): ਇਕ ਅਧਿਐਨ" ਵਿੱਚ ਕਾਫ਼ੀ ਗ਼ਲਤੀਆਂ ਹੋ ਗਈਆਂ। ਸੋਧ ਇਸ ਪਰਕਾਰ ਹੈ:

1. ਜਿੰਨ੍ਹਾਂ ਸ਼ਬਦਾਂ ਹੇਠ ਲਕੀਰ ਹੈ, ਉਹ ਛਪਣੋਂ ਰਹਿ ਗਏ ਸਨ:
   - ਨਕਸਲਬਾੜੀ ਲਹਿਰ ਦੇ ਹਰੇਕ ਐਕਸ਼ਨ ਦੇ ਵਿਸਥਾਰ ਨੂੰ ਜ਼ਾਹਿਰ... (ਸਫ਼ਾ 25 - ਹੇਠੋਂ ਤੀਜਾ ਪਹਿਰਾ)
   - ਨਾਵਲ ਦੇ 496 ਸਫ਼ਿਆਂ ਨਾਲ ਘੋਰ ਅਨਿਆਂ ਹੈ। (ਸਫ਼ਾ 26 - ਉਤੋਂ ਦੂਜਾ ਪਹਿਰਾ)
   - ਇਸ ਨਾਵਲ ਵਿੱਚ ਨਾ ਹੀ ਕੋਈ ਨਾਇਕ, ਕੋਈ ਪਾਤਰ-ਚਿਤ੍ਰਣ... (ਸਫ਼ਾ 26 - ਨੂਰ ਦੀ ਲਿਖਤ, ਉਤੋਂ ਤੇਰ੍ਹਵੀਂ ਸਤਰ)
2. ਸਫ਼ਾ 25 ਤੇ ਪੰਜਵੇਂ ਪਹਿਰੇ ਵਿੱਚ 'ਰੂਪਧਾਰ', 'ਪੂਰਨਮਾਸ਼ੀ', 'ਸਿਵਲ ਲਾਈਨਜ਼' ਦੇ ਅੱਗੇ 'ਗਤ ਬਾਕੀ ਹੈ' ਛਪਣੋਂ ਰਹਿ ਗਿਆ।
3. ਸਫ਼ਾ 25 ਤੇ ਅੰਤਿਮ ਪਹਿਰੇ ਵਿੱਚ ਨਕਸਲਬਾੜੀ ਲਹਿਰ ਦੀ ਥਾਂ ਨਕਸਲਬਾੜੀ ਜਮਾਤ ਲਿਖਿਆ ਗਿਆ। ਲੇਖ ਵਿੱਚ ਹੋਰ ਹਰ ਥਾਂ ਨਕਸਲਬਾੜੀ ਲਹਿਰ ਹੀ ਵਰਤਿਆ ਗਿਆ ਹੈ। ਇਸ ਪਹਿਰੇ ਵਿੱਚ ਵੀ ਸੋਧ ਉਪਰੰਤ 'ਕ੍ਰਾਂਤੀਕਾਰੀ ਨਕਸਲਬਾੜੀ ਲਹਿਰ' ਹੀ ਪੜ੍ਹਿਆ ਜਾਵੇ। (ਦੂਜੀ ਸਤਰ)

(ਭਾਰਤ ਨੂੰ ਭੇਜੇ ਗਏ ਕੁਝ ਪਰਚਿਆਂ ਤੇ ਅਣਛਪੇ ਸ਼ਬਦਾਂ ਵਾਲੀ ਸੋਧ ਕਰ ਦਿੱਤੀ ਗਈ ਸੀ)

## ਦਰਪਣ

ਖ਼ਤ

ਤੁਹਾਡੇ ਜ਼ਿਕਰ ਤੋਂ ਲਗਦਾ ਹੈ ਕਿ ਤੱਤੇ ਤੇ ਇਕਬਾਲ ਦੇ ਏਥੋਂ ਜਾਣ ਨਾਲ ਸਾਨੂੰ ਕਾਫ਼ੀ ਘਾਟਾ ਪਿਆ ਹੈ ਪਰ ਇਹ ਘਾਟਾ ਏਨਾ ਅਸੁਖਾਵਾਂ ਨਹੀਂ ਰਹਿ ਜਾਂਦਾ ਜਦ ਕਿ ਕੈਨੇਡਾ ਬਹਿਕੇ ਸਾਧਨਹੀਣਤਾ ਦੇ ਮਾਹੌਲ ਵਿੱਚ ਵੀ ਵਤਨੋਂ ਦੂਰ ਵਰਗਾ ਸੁੰਦਰ ਪਰਚਾ ਕੱਢਣ ਦਾ ਹੀਲਾ ਕਰ ਰਹੇ ਓ।

ਕੁਦਰਤੀ ਹੀ ਹੈ ਕਿ ਪੰਜਾਬ ਤੋਂ ਏਨੇ ਪਰਦੇਸ ਵਿਚ ਤੇ ਓਪਰੀਆਂ ਭਾਸ਼ਾਵਾਂ ਦੇ ਲੋਕਾਂ ਦੀ ਬਹੁਗਿਣਤੀ ਕਾਰਨ ਬਹੁਤਾ ਮਿਆਰੀ ਪੰਜਾਬੀ ਸਾਹਿਤ ਸਿਰਜਿਆ ਜਾ ਸਕਣਾ ਅਸੰਭਵ ਹੈ। ਇਹ ਕੋਈ ਝੋਰੇ ਵਾਲੀ ਗੱਲ ਨਹੀਂ ਕਿਉਂਕਿ ਤੁਸੀਂ ਹਰ ਕਾਸੇ ਦੇ ਬਾਵਜੂਦ ਵੀ ਲਹਿਜ਼ੇ ਦੀ ਮੌਲਿਕਤਾ ਸੰਭਾਲੀ ਬੈਠੇ ਹੋ। ਹਰੇਕ ਅੰਕ ਵਿਚ ਮੌਲਿਕ ਲਹਿਜ਼ੇ (ਵਿਧੀ ਨਹੀਂ) ਦੀ ਝਲਕ ਵੇਖੀ ਮਿਲਦੀ ਹੈ। ਹਾਂ ਇਹ ਸ਼ਿਕਾਇਤ ਜ਼ਰੂਰ ਹੈ ਕਿ ਬਹੁਗਿਣਤੀ ਕੈਨੇਡੀਅਨ ਪੰਜਾਬੀ ਲੇਖਕਾਂ ਨੇ ਜਾਂ ਤਾਂ ਪੰਜਾਬੋਂ ਜਾ ਕੇ ਨਵੀਂ ਧਰਤੀ ਦੇ ਕੋਈ ਉਕਾ ਹੀ ਨਵੇਂ ਅਨੁਭਵ ਨਹੀਂ ਕਮਾਏ ਜਾਂ ਉਹ ਇਹ ਨਹੀਂ ਸੋਚਦੇ ਹੋਵਣਗੇ ਕਿ ਫਲੈਟ ਸਿਸਮ ਦੇ ਐਟੀਚੂਡ ਮੁਤਾਬਕ ਕਰਕੇ 'ਜੈਨੂਅਨ ਫੀਲਿੰਗ' ਜ਼ਿੰਦਾਬਾਦ ਕਰਨਾ ਹੀ ਚੰਗੇ ਸਾਹਿਤ ਦਾ ਪ੍ਰਾਮਿਸ ਹੁੰਦਾ ਹੈ। ਰਚਨਾ ਦੇ ਰੂਪ ਵਿਸ਼ੇ ਮੁਤਾਬਕ ਜ਼ਰੂਰ ਹੀ ਬਦਲਦੇ ਹਨ ਅਤੇ ਇਹ ਬਦਲੀ ਸਾਰਥਿਕਤਾ ਦੀ ਬਖਸ਼ਦੀ ਪਰ ਸ਼ਰਤ ਇਹ ਹੈ ਕਿ ਵਿਸ਼ੇ ਦੀ ਨਿਗੂਣੀ ਵਿਲੱਖਣਤਾ ਹੀ ਰੂਪ ਵਿੱਚ ਭੁਲਾਵੀ ਫੇਰਾਂ ਦਾ ਬਾਇਸ ਨਾ ਬਣੇ। ਵਿਧੀ ਦੀ ਸਮੱਸਿਆ ਥੋੜੀ ਹੈ ਲਹਿਜ਼ੇ ਦੀ ਵੱਖਰੀ ਹੈ, ਰੂਪ ਦੀ, ਵਿਸ਼ਿਆਂ ਦੀ, ਤੀਖਣਤਾ ਦੀ ਸਭ ਹੋਰ ਹੋਰ ਸਮੱਸਿਆਵਾਂ ਹਨ। ਰਵੀ ਤੇ ਅਜਾਇਬ ਕਮਲ ਦੀਆਂ ਔਕੜਾਂ ਖਾਸ ਕਰਕੇ ਤੀਖਣਤਾ ਤੇ ਆਮ ਕਰਕੇ ਵਿਧੀਆਂ ਦੀਆਂ ਹਨ। ਵਤਨੋਂ ਦੂਰ ਦੇ ਨਵੇਂ ਲੇਖਕਾਂ ਨੂੰ ਅਜਿਹਾ ਕੋਈ ਚੱਕਰ ਨਹੀਂ। ਤੁਹਾਡੇ ਅਨੁਭਵ ਭਾਵੇਂ ਖਾਸ ਉਜਾਗਰ ਨਹੀਂ ਹੋ ਰਹੇ ਪਰ ਉਸੇ ਹਿਸਾਬ ਨਾਲ ਸ਼ੈਲੀ ਤੇ ਰੂਪ ਵਿਚ ਨਕਲੀ ਹੇਰਾਫੇਰੀਆਂ ਵੀ ਨਹੀਂ ਹੋ ਰਹੀਆਂ। ਤੁਹਾਡੀ ਰਚਨਾ ਵਿਚੋਂ ਰਚਨਹਾਰਿਆਂ ਦੀ ਸਰਲਤਾ ਖੁਦ ਉਘੜਦੀ ਹੈ। ਜਿਵੇਂ ਜੂਨ 77 ਦੇ ਪਰਚੇ ਵਿਚ ਕਰਮਜੀਤ ਦੀ ਇਕ ਕਹਾਣੀ ਹੈ। ਇਸ ਵਿੱਚ ਕਹਾਣੀ ਵਾਲੀ ਖਾਸ ਗੱਲ ਨਹੀਂ ਹੈ ਪਰ ਫੇਰ ਵੀ ਅਨੇਕਾਂ ਗੁਣ ਹਨ। ਇਕ ਯਥਾਰਥ ਹੈ ਜੋ ਵਿਅੰਗ ਦੀ ਵਿਧੀ ਨਾਲ ਸਜ ਨਹੀਂ ਸਕਿਆ। ਅਤੇ ਇਹ ਯਥਾਰਥ ਬਹੁਤ ਸਾਰੀਆਂ ਅਗਾਂਹਵਧੂ ਕਹਾਣੀਆਂ ਨਾਲੋਂ ਮਿਆਰੀ ਕਹਾਣੀ ਆਪਣੇ ਆਪ ਵਿੱਚ ਹੀ ਹੈ।

ਖ਼ੈਰ, ਤੁਹਾਡੇ ਪਰਚੇ ਵਿੱਚ ਮੈਨੂੰ ਬੜੀ ਦਿਲਚਸਪੀ ਹੈ... ... ...

– ਪਾਸ਼

ਤਲਵੰਡੀ ਸਲੇਮ (ਜਲੰਧਰ)- INDIA

ਮਾਂ ਬੋਲੀ ਪੰਜਾਬੀ ਦੀ ਅਮੁਕ ਸੇਵਾ ਕਰਨ ਲਈ ਧੰਨਵਾਦ ਕਬੂਲ ਕਰੋ। ਖ਼ੁਸ਼ੀ ਹੈ ਕਿ ਆਪਣੀ ਜਨਮ ਭੂਮੀ ਤੋਂ ਦੂਰ ਰਹਿਕੇ ਵੀ ਤੁਸੀਂ ਆਪਣੇ ਕਲਚਰ ਦੀ ਜੋਤ ਨੂੰ ਲਟ ਲਟ ਜਗਾ ਰਹੇ ਹੋ। ਦੁਬੱਈ ਕੁਦਰਤੀ ਤੇਲ ਨਾਲ ਭਰਪੂਰ ਹੋਇਆ ਤੇ ਉਸਰਦਾ ਸ਼ਹਿਰ ਹੈ-ਇਥੋਂ ਦੀਆਂ 6-7 ਸਟੇਟਸ ਨੂੰ ਮਿਲਾਕੇ ਇਨ੍ਹਾਂ ਨੇ ਇਸ ਵਤਨ ਦਾ ਨਾਂ United Arab Emirates ਰੱਖਿਆ ਹੈ। ਰੋਟੀ ਰੋਜ਼ੀ ਦੀ ਭਾਲ ਲਈ ਦੁਨੀਆਂ ਦੇ ਵੱਖ ਵੱਖ ਕਿਰਤੀਆਂ ਦੇ ਜੁੜਦੇ ਹੱਥਾਂ ਨਾਲ ਪੰਜਾਬੀਆਂ ਦਾ ਵੀ ਇਕ ਹਿੱਸਾ ਹੈ- ਵਤਨੋਂ ਦੂਰ ਦੀ ਪ੍ਰਕਾਸ਼ਨਾਂ ਲਈ ਸਾਡੇ ਇਥੇ ਰਹਿੰਦੇ ਪੰਜਾਬੀਆਂ ਦੀ ਲੱਖ ਲੱਖ ਮੁਬਾਰਕਬਾਦ!

– ਗੁਰਦੀਪ ਸਿੰਘ ਸੰਧੂ

DUBAI (U.A.E.)

ਵਤਨੋਂ ਦੂਰ ਦੇ ਹੁਣ ਤੱਕ ਪੰਜ ਅੰਕ (ਮਾਰਚ- ਜੁਲਾਈ 77) ਮਿਲ ਚੁਕੇ ਹਨ। ਰਚਨਾਵਾਂ ਦਾ ਪੱਧਰ ਬੜਾ ਉੱਚਾ, ਮਿਆਰ ਤੇ ਸਿਹਤਮੰਦ ਹੈ। ਬੜਾ ਚੰਗਾ ਹੈ ਕਿ ਤੁਸੀਂ ਸਹੀ ਖੱਬੇ ਪੱਖੀ ਸੋਚ ਦੀ ਤਰਜਮਾਨੀ ਕਰਦੇ ਹੋ। ਮੈਨੂੰ ਡਰ ਸੀ ਕਿ ਡਾਲਰਾਂ ਦੀ ਚਮਕ ਇਕਬਾਲ ਰਾਮੂਵਾਲੀਆ ਨੂੰ ਆਪਣੀਆਂ ਸੱਪ ਕੁੰਡਲਾਂ ਵਿੱਚ ਲਪੇਟ ਲਵੇਗੀ - ਪਰ ਮਈ ਅੰਕ ਵਿਚ ਉਸਦੀਆਂ ਕਵਿਤਾਵਾਂ ਪੜ੍ਹਕੇ ਏਨੀ ਜ਼ਿਆਦਾ ਤਸੱਲੀ ਹੋਈ ਕਿ ਸਾਡਾ ਇਹ ਇਨਕਲਾਬੀ ਕਵੀ ਹਰ ਇਮਤਿਹਾਨ ਵਿਚੋਂ ਲਾਲ ਇਸਪਾਤ ਬਣਕੇ ਨਿਕਲੇਗਾ ਤੇ ਪਾਸ਼, ਦਿਲ, ਸੰਗਤਾਰ ਆਦਿ ਵਾਂਗ ਰਾਹੋਂ ਕੁਰਾਹੇ ਨਹੀਂ ਪਵੇਗਾ। ਅਜਮੇਰ ਰੋਡੇ ਦੀ ਵਧੀਆ ਲੱਗਾ ਹੈ।

– ਹਮਦਰਦਵੀਰ ਨੌਸ਼ਹਿਰਵੀ

ਸਮਰਾਲਾ (ਪੰਜਾਬ)- INDIA.

ਜੂਨ ਅਤੇ ਜੁਲਾਈ ਦਾ ਵਤਨੋਂ ਦੂਰ ਮਿਲਿਆ। ਅਜਿਹੇ ਮਾਹੌਲ ਵਿਚ ਰਹਿੰਦਿਆਂ ਜਿਥੇ ਡਾਲਰਾਂ ਦੇ ਚੱਕਰ ਤੋਂ ਹੀ ਵਿਹਲ ਨਹੀਂ ਮਿਲਦੀ, ਪੰਜਾਬੀ ਪ੍ਰੈੱਸ ਦੀ ਅਣਹੋਂਦ ਵਿਚ ਵੀ ਪੰਜਾਬੀ 'ਮਾਂ' ਦੀ ਸੇਵਾ ਕਰੀ ਜਾਣਾ ਨਿੱਕੀ ਜਿਹੀ ਗੱਲ ਨਹੀਂ - ਤੁਹਾਡੀ ਮਿਹਨਤ ਅਤੇ ਲਗਨ ਨੂੰ ਸਲਾਮ। ਰਚਨਾਵਾਂ ਸਾਰੀਆਂ ਹੀ ਉਚ ਪਾਏ ਦੀਆਂ ਹਨ।

– ਸੁਰਿੰਦਰ ਰਾਮਪੁਰੀ

ਰਾਮਪੁਰ (ਲੁਧਿਆਣਾ)- INDIA

# ਮਲਟੀਕਲਚਰਲਿਜ਼ਮ ਤੇ ਬਰਾਬਰਤਾ

ਉੱਜਲ ਦੋਸਾਂਝ

ਜਦੋਂ ਅਸੀਂ ਮਲਟੀਕਲਚਰਲਿਜ਼ਮ ਦੀ ਗੱਲ ਕਰਦੇ ਹਾਂ ਤਾਂ ਇਹ ਮੰਨ ਕੇ ਤੁਰਦੇ ਹਾਂ ਕਿ ਇਸ ਦਾ ਮਤਲਬ ਹੈ ਕਿ ਹਰ ਇਕ ਲਈ ਹਰ ਖੇਤਰ ਵਿਚ ਇਨਸਾਫ਼ ਤੇ ਬਰਾਬਰਤਾ। ਇਨ੍ਹਾਂ ਗੱਲਾਂ ਤੋਂ ਬਿਨਾਂ ਮਲਟੀਕਲਚਰਲਿਜ਼ਮ ਇਕ ਧੁੰਦਲਾ ਖਿਆਲ ਹੋਵੇਗਾ ਤੇ ਅਸੀਂ ਅਸਲੀ ਮਲਟੀਕਲਚਰਲਿਜ਼ਮ ਦਾ ਸੁਪਨਾ ਵੀ ਨਹੀਂ ਲੈ ਸਕਦੇ। ਜੇ ਅਸੀਂ ਚਾਹੁੰਦੇ ਹਾਂ ਕਿ ਮਲਟੀਕਲਚਰਲਿਜ਼ਮ ਦੀ ਭਾਵਨਾ ਸਤਿਕਾਰ ਤੇ ਬਰਾਬਰਤਾ ਤੋਂ ਪੈਦਾ ਹੋਵੇ ਨਾ ਕਿ ਤਰਸ ਤੋਂ, ਤਾਂ ਅਸੀਂ ਆਪਣੇ ਸਮਾਜ ਦਾ ਕੋਈ ਵੀ ਹਿੱਸਾ ਗਰੀਬੀ ਨਾਲ ਘੁਲਦਾ ਨਹੀਂ ਰੱਖ ਸਕਦੇ। ਅਸੀਂ ਚੋਖਾ ਹਿਸਾ ਲੋਕਾਂ ਨੂੰ ਗੰਦਗੀ ਵਿਚ 'SKID ROADS' ਤੇ ਹੋਰ ਅਣ-ਮਨੁੱਖੀ ਹਾਲਤਾਂ ਵਿਚ ਨਹੀਂ ਰੱਖ ਸਕਦੇ। ਅਸੀਂ ਵੈਸਟ ਇੰਡੀਜ਼ ਤੇ ਹੋਰ ਥਾਵਾਂ ਤੋਂ ਘਰਾਂ ਦਾ ਕੰਮ ਕਰਨ ਲਈ ਸਸਤੇ ਮਜ਼ਦੂਰ ਨਹੀਂ ਮੰਗਾ ਸਕਦੇ ਤੇ ਉਹਨਾਂ ਨਾਲ ਗੁਲਾਮਾਂ ਵਾਲਾ ਵਤੀਰਾ ਨਹੀਂ ਵਰਤ ਸਕਦੇ। ਅਸੀਂ ਇਸ ਕਿਸਮ ਦੀ ਹਾਲਤ ਨਹੀਂ ਪੈਦਾ ਹੋਣ ਦੇ ਸਕਦੇ ਜਿਥੇ ਕਿ ਭਾਰਤੀ ਚੀਨੀ ਤੇ ਹੋਰ ਘੱਟ ਗਿਣਤੀ ਕੌਮਾਂ ਫਾਰਮਾਂ ਵਿਚ ਸਭ ਤੋਂ ਘੱਟ ਪੈਸੇ ਤੇ ਕੰਮ ਕਰਦੇ ਹੋਣ। ਅਸੀਂ 'JANITORIAL' ਫਰਮਾਂ ਨੂੰ ਇਹ ਮੌਕਾ ਨਹੀਂ ਦੇ ਸਕਦੇ ਕਿ ਉਹ ਜਿਨ੍ਹਾਂ ਲੋਕਾਂ ਨੂੰ ਅੰਗਰੇਜ਼ੀ ਨਾ ਆਉਂਦੀ ਹੋਵੇ ਉਹਨਾਂ ਨੂੰ ਮਨ ਮਰਜ਼ੀ ਨਾਲ ਲੁੱਟਦੇ ਰਹਿਣ। ਅਸੀਂ ਨੇਟਿਵ ਇੰਡੀਅਨ ਲੋਕਾਂ ਦੀ ਨਾਜ਼ੁਕ ਹਾਲਤ ਨੂੰ ਅੱਖੋਂ ਉਹਲੇ ਨਹੀਂ ਕਰ ਸਕਦੇ। ਜੇ ਅਸੀਂ ਸੱਚੀਂ ਹੀ ਮਲਟੀਕਲਚਰਲਿਜ਼ਮ ਲਿਆਉਣਾ ਚਾਹੁੰਦੇ ਹਾਂ ਤਾਂ ਅਸੀਂ ਉਪਰਲੀਆਂ ਸਾਰੀਆਂ ਗੱਲਾਂ ਨੂੰ ਅੱਖੋਂ ਪਰੋਖੇ ਨਹੀਂ ਕਰ ਸਕਦੇ। ਮਲਟੀਕਲਚਰਲਿਜ਼ਮ ਲੋਕ-ਗੀਤਾਂ ਤੇ ਲੋਕ ਨਾਚਾਂ ਤੇ ਹੀ ਨਹੀਂ ਖਤਮ ਹੋ ਜਾਣਾ ਚਾਹੀਦਾ। ਭਾਵੇਂ ਕਿ ਅਜਿਹੇ ਪ੍ਰੋਗਰਾਮਾਂ ਦਾ ਪ੍ਰਬੰਧ ਕਰਨਾ ਇਸ ਪਾਸੇ ਵੱਲ ਇਕ ਅਤੀ ਜ਼ਰੂਰੀ ਕਦਮ ਹੈ। ਪਰ ਸਾਨੂੰ ਇਸ ਤੋਂ ਅੱਗੇ ਵੱਖਰੇ ਵੱਖਰੇ ਲੋਕਾਂ ਦੀਆਂ ਅਸਲੀ ਰੋਜ਼ਾਨਾ ਜ਼ਿੰਦਗੀ ਦੀਆਂ ਲੋੜਾਂ ਤੇ ਮੁਸੀਬਤਾਂ ਤੱਕ ਜਾਣਾ ਚਾਹੀਦਾ ਹੈ ਤਾਂ ਹੀ ਅਸੀਂ ਮਲਟੀਕਲਚਰਲਿਜ਼ਮ ਦੇ ਖਿਆਲ ਨੂੰ ਕੋਈ ਠੋਸ ਰੂਪ ਦੇ ਸਕਦੇ ਹਾਂ।

ਅਸੀਂ ਇਥੇ ਸੌ ਸਾਲ ਤੋਂ ਰਹਿ ਰਹੇ ਹਾਂ ਅਤੇ ਸਾਂਝੇ ਘੋਲ ਨਾਲ ਬਹੁਤ ਸਾਰੇ ਹੱਕ ਜਿੱਤੇ ਹਨ। ਹੁਣ ਵੀ ਸਾਨੂੰ ਹੱਕਾਂ ਦੀ ਲੜਾਈ ਤੋਂ ਡਰਨਾ ਨਹੀਂ ਚਾਹੀਦਾ ਹੈ। ਹੁਣ ਤਾਂ ਸਗੋਂ ਕਈ ਹੋਰ ਕਮਿਊਨਿਟੀਆਂ ਵੀ ਸਾਡੇ ਨਾਲ ਮੋਢਾ ਜੋੜਨ ਨੂੰ ਤਿਆਰ ਹਨ। ਇਸ ਮੌਕੇ ਇੰਮੀਗਰੈਂਟ ਲੋਕਾਂ ਨੂੰ 'SCAPE GOAT' ਦੇ ਤੌਰ ਤੇ ਵਰਤਿਆ ਜਾ ਰਿਹਾ ਹੈ। ਅਤੇ ਭਾਰਤੀ ਲੋਕ ਇਸ ਦਾ ਸਭ ਤੋਂ ਵੱਧ ਸ਼ਿਕਾਰ ਹਨ। ਮਜ਼ਦੂਰ ਜਮਾਤ ਤੇ ਹਰ ਪਾਸਿਉਂ ਹਮਲੇ ਹੋ ਰਹੇ ਹਨ। ਅਸੀਂ ਕੈਨੇਡਾ ਦਾ ਹਿੱਸਾ ਹਾਂ ਤੇ ਰਹਾਂਗੇ। ਸਾਨੂੰ ਇਸ ਦਾ ਮਾਣ ਹੈ ਅਤੇ ਹੋਣਾ ਚਾਹੀਦਾ ਹੈ ਕਿ ਕੈਨੇਡਾ ਸਾਡਾ ਆਪਣਾ ਚੁਣਿਆ ਹੋਇਆ ਮੁਲਕ ਹੈ ਕਿਸੇ 'ACCIDENT' ਦੀ ਵਜ੍ਹਾ ਕਰਕੇ ਅਸੀਂ ਇਥੇ ਨਹੀਂ ਆਏ ਅਤੇ ਸਾਨੂੰ ਇਥੇ ਮਾਣ ਨਾਲ ਸਿਰ ਉੱਚਾ ਕਰਕੇ ਦੂਜੇ ਕੈਨੇਡੀਅਨਾਂ ਦੇ ਬਰਾਬਰ ਜੀਣਾ ਚਾਹੀਦਾ ਹੈ। ਜੇ ਸਾਡੇ ਰਾਹਾਂ 'ਚ ਕੋਈ ਰੁਕਾਵਟਾਂ ਹਨ ਤਾਂ ਸਾਨੂੰ ਇਥੋਂ ਦੀ ਸੁਸਾਇਟੀ ਦੇ ਦਿੱਤੇ ਹਥਿਆਰਾਂ ਨਾਲ ਉਹਨਾਂ ਰੁਕਾਵਟਾਂ ਨੂੰ ਪਰੇ ਹਟਾਉਣਾ ਚਾਹੀਦਾ ਹੈ। ਜੇ ਇਸ ਸੁਸਾਇਟੀ ਦੇ ਕਾਇਦੇ ਕਾਨੂੰਨ ਅਸਲੀ ਮਲਟੀਕਲਚਰਲਿਜ਼ਮ ਪੈਦਾ ਕਰਨ ਦੇ ਕਾਬਲ ਸਾਬਤ ਨਾ ਹੋਣ ਤਾਂ ਸਾਡੇ ਵਿਚ ਇੰਨਾ ਹੌਸਲਾ ਹੋਣਾ ਚਾਹੀਦਾ ਹੈ ਕਿ ਅਸੀਂ ਇਸ ਢਾਂਚੇ ਨੂੰ ਬਦਲ ਕੇ ਨਵਾਂ ਬਣਾ ਸਕੀਏ।

## ਕਾਲਾ ਨਾਗ

ਜੋਗਿੰਦਰ ਸਿੰਘ ਨਿਰਾਲਾ

ਜਦੋਂ ਹੀ ਮੈਂ ਘਰ ਦਾ ਦਰਵਾਜ਼ਾ ਲੰਘ ਕੇ ਅੰਦਰ ਦਾਖ਼ਲ ਹੋਇਆ ਤਾਂ ਵਿਹੜੇ ਵਿਚ ਇਕ ਗੁੱਛਾ-ਮੁੱਛਾ ਚੀਜ਼ ਪਈ ਮੇਰੀ ਨਜ਼ਰ ਪਈ। ਪ੍ਰੰਤੂ ਇਸ ਤੋਂ ਪਹਿਲਾਂ ਕਿ ਮੈਂ ਅੱਗੇ ਵਧਦਾ ਮੇਰਾ ਪੁੱਤਰ ਬੰਟੀ ਭੱਜਦਾ ਭੱਜਦਾ ਮੇਰੇ ਕੋਲ ਆਇਆ ਅਤੇ ਮੇਰੀ ਪੈਂਟ ਨੂੰ ਖਿੱਚਦਿਆਂ ਕਹਿਣ ਲਗਿਆ, 'ਪਾਪਾ, ਸੱਪ'। ਅਤੇ ਫਿਰ ਮੈਨੂੰ ਉਸ ਗੁੱਛਾ-ਮੁੱਛਾ ਚੀਜ਼ ਕੋਲ ਲੈ ਆਇਆ।

ਮੈਂ ਦੇਖਿਆ ਕਾਲਾ ਨਾਗ ਸੀ, ਜਿਸ ਦੀ ਸਿਰੀ ਤਾਜ਼ੀ ਤਾਜ਼ੀ ਫਿਹੀ ਸੀ। ਹੁਣ ਤੀਕ ਮੇਰੀ ਪਤਨੀ ਵੀ ਆ ਗਈ ਸੀ, ''ਮੈਂ ਕਿੰਨੀ ਦਫ਼ਾ ਕਹਿ ਹਟੀ ਹਾਂ ਕਿ ਕੱਚਾ ਮੌਸਮ ਐ, ਦੁੱਧ ਦਾ ਛਿੱਟਾ ਦੇ ਲੈਣ ਦਿਆ ਕਰੋ, ਪ੍ਰੰਤੂ ਤੁਸੀਂ ਕਦੇ ਮੇਰੀ ਨਾ ਮੰਨੀ।'

ਮੈਂ ਇਕ ਵਾਰ ਪਤਨੀ ਵੱਲ ਵੇਖਿਆ, ਉਹ ਮੈਨੂੰ ਕਿਸੇ ਅੰਨ੍ਹੇ ਖੂਹ ਵਿਚੋਂ ਬੋਲ ਰਹੀ ਜਾਪੀ ਸੀ। ਦਿਲ ਵਿਚ ਆਇਆ ਕਿ ਕਹਿ ਦਿਆਂ, ਸੱਪਾਂ ਨੂੰ ਦੁੱਧ ਨਹੀਂ ਪਿਆਉਣਾ ਚਾਹੀਦਾ। ਪਤਾ ਨਹੀਂ ਕਿਉਂ ਮੇਰੇ ਮੂੰਹੋਂ ਕੇਵਲ ਇੰਨਾ ਹੀ ਨਿਕਲ ਸਕਿਆ, ''ਪਿਆਰੀ ! ਦੁੱਧ ਤਾਂ ਪੀਣ ਨੂੰ ਨਹੀਂ ਮਿਲਦਾ, ਫਿਰ ਛਿੱਟਾ ਦੇ ਕੇ ਕੀ ਕਰਾਂਗੇ ?''

ਪਤਨੀ, ਆਪਣੀ ਆਦਤ ਅਨੁਸਾਰ ਮੇਰੀ ਗੱਲ ਨੂੰ ਅਣਸੁਣੀ ਕਰਕੇ ਰਸੋਈ ਵਲ ਚਲੀ ਜਾਂਦੀ ਹੈ।

ਬੰਟੀ ਹਾਲੇ ਵੀ ਸੱਪ ਨੂੰ ਬੜੇ ਗਹੁ ਨਾਲ ਦੇਖ ਰਿਹਾ ਸੀ। ਮੈਂ ਸੋਚਿਆ, ਜੁਆਕ 'ਤੇ ਇਸ ਦਾ ਕੋਈ ਬੁਰਾ ਅਸਰ ਨਾ ਪੈ ਜਾਵੇ, ਇਸ ਲਈ ਉਸ ਨੂੰ ਬਾਜ਼ਾਰੋਂ ਲਿਆਂਦਾ 'ਬਾਲ ਉਪਦੇਸ਼' ਫੜਾ ਕੇ ਅੰਦਰ ਜਾਣ ਲਈ ਕਹਿੰਦਾ ਹਾਂ।

ਮੇਰੀ ਨਜ਼ਰ ਫਿਰ ਮਰੇ ਪਏ ਕਾਲੇ ਨਾਗ ਵੱਲ ਚਲੀ ਜਾਂਦੀ ਹੈ।

ਵੱਡੇ ਭਾਈ ਸਾਹਿਬ ਆਏ ਹੋਏ ਹਨ, ਕਦੇ ਮੈਂ ਉਹਨਾਂ ਨੂੰ ਦੇਵਤਿਆਂ ਵਾਂਗ ਪੂਜਿਆ ਕਰਦਾ ਸਾਂ। ਮਾਂ ਬਾਪ ਦੇ ਦੇਰ ਤੋਂ ਬੀਮਾਰ ਚਲੇ ਆਉਣ ਕਾਰਨ ਮੇਰੀ ਦੇਖ ਭਾਲ ਉਹਨਾਂ ਨੇ ਹੀ ਕੀਤੀ ਸੀ। ਪੜ੍ਹ ਲਿਖ ਕੇ ਅਤੇ ਆਪਣੇ ਪੈਰਾਂ ਉਪਰ ਖੜੇ ਹੋ ਕੇ ਜਦ ਮੈਂ ਭਾਈ ਸਾਹਿਬ ਤੋਂ ਹਿਸਾਬ ਕਿਤਾਬ ਮੰਗਿਆ ਤਾਂ ਕਹਿਣ ਲਗੇ, ''ਮੈਂ ਤੈਨੂੰ ਆਦਮੀ ਬਣਾਇਆ।'' ਕਹਿਣ ਨੂੰ ਤਾਂ ਉਹ ਇਹ ਵੀ ਕਹਿ ਸਕਦੇ ਸਨ ਕਿ ਮੈਂ ਤੈਨੂੰ ਜੰਮਿਆ। ਲੇਕਿਨ ਬਦਕਿਸਮਤੀ ? ਨਾਲ ਸਾਡੇ ਮਾਂ ਬਾਪ ਆਪਣੀ ਜ਼ਿੰਦਗੀ ਦੇ ਆਖ਼ਰੀ ਦਿਨ ਗਿਣ ਰਹੇ ਸਨ, ਇਸ ਲਈ ਉਹ ਇਹ ਨਾ ਕਹਿ ਸਕੇ।

ਉਸ ਦਿਨ ਭਾਈ ਸਾਹਿਬ ਨਰਾਜ਼ ਹੋ ਕੇ ਚਲੇ ਗਏ ਸਨ।

ਅੱਜ ਫਿਰ ਆਏ ਸਨ।

ਵਿਹੜੇ ਵਿਚ ਬੈਠੇ ਓਹ ਆਪਣੀਆਂ ਉਂਗਲੀਆਂ ਦੇ ਇਸ਼ਾਰਿਆਂ ਨਾਲ ਮੈਨੂੰ ਕੁਝ ਸਮਝਾ ਰਹੇ ਸਨ। ਉਹਨਾਂ ਦੀਆਂ ਉਂਗਲੀਆਂ ਹਵਾ ਵਿਚ ਇਸ ਤਰ੍ਹਾਂ ਲਹਿਰਾ ਰਹੀਆਂ ਹਨ ਜਿਵੇਂ ਸ਼ੇਸ਼ਨਾਗ ਦੇ ਮੂੰਹ ਵਿਚੋਂ ਅੱਗ ਦੀਆਂ ਲਪਟਾਂ ਨਿਕਲ ਰਹੀਆਂ ਹੋਣ। ਇਕ ਵਾਰ ਤਾਂ ਮੇਰਾ ਸਿਰ ਉਹਨਾਂ ਦੇ ਕਦਮਾਂ ਵਲ ਝੁਕ ਜਾਂਦਾ ਹੈ।

ਇਕ ਚੀਕ ਜਿਹੀ ਦੀ ਆਵਾਜ਼ ਮੇਰੇ ਕੰਨਾਂ ਨੂੰ ਸੁੰਨ ਕਰ ਜਾਂਦੀ ਹੈ।

ਮੈਂ ਦੇਖਿਆ, ਬੰਟੀ ਮੇਰੇ ਕੋਲ ਹੀ ਖੜਾ ਹੈ। 'ਬਾਲ ਉਪਦੇਸ਼' ਵਿਚੋਂ ਪੈਂਤੀ ਵਾਲਾ ਸਫ਼ਾ ਖੁਲ੍ਹਾ ਹੈ। ਜਦੋਂ ਮੈਂ ਬੰਟੀ ਦੇ ਸਿਰ ਉਪਰ ਹੱਥ ਰਖਦਾ ਹਾਂ ਤਾਂ ਉਸ ਦੇ ਮੂੰਹੋਂ ਨਿਕਲਦਾ ਹੈ, ''ਸ...ਸੱਪ।''

ਪਤਨੀ ਫਿਰ ਆ ਰਹੀ ਹੈ। 'ਤੁਸੀਂ ਸੱਪ ਨੂੰ ਕਿਤੇ ਦੱਬ ਆਵੋ ਨਹੀਂ ਤਾਂ ਬੱਚੇ ਨੇ ਰੌਲਾ ਪਾਉਣਾ ਸ਼ੁਰੂ ਕਰ ਦੇਣਾ ਹੈ।''

ਮੈਂ ਪਹਿਲਾਂ ਹੀ ਦਫ਼ਤਰੋਂ ਥਕਿਆ ਆਇਆ ਸਾਂ। ਪਤਨੀ ਨੂੰ ਨਾਂਹ ਕਰਨ ਹੀ ਲਗਿਆ ਸਾਂ ਕਿ ਮੈਨੂੰ ਖ਼ਿਆਲ ਆਇਆ ਕਿ ਮਰਿਆ ਹੋਇਆ ਸੱਪ ਕਿਤੇ ਰਾਤ ਨੂੰ ਫਿਰ ਜਿਉਂਦਾ ਨਾ ਹੋ ਜਾਵੇ। ਮੇਰੀ ਪਤਨੀ ਕਹੀ ਅਤੇ ਬੱਠਲ ਲੈ ਆਈ ਸੀ। ਕਹੀ ਨਾਲ ਨਾਗ ਨੂੰ ਬੱਠਲ ਵਿਚ ਪਾ ਕੇ ਮੈਂ ਬਾਹਰ ਆ ਜਾਂਦਾ ਹਾਂ।

ਬੰਟੀ ਹਾਲੇ ਵੀ ਮੇਰੇ ਵਲ ਬੜੇ ਧਿਆਨ ਨਾਲ ਦੇਖ ਰਹਿਆ ਹੈ।

ਦਫ਼ਤਰ ਵਿਚ ਇਕ 'ਤੁਰੰਤ' ਫ਼ਾਈਲ ਨੂੰ ਦੇਖਦਿਆਂ ਮੈਂ ਸੋਚ ਰਹਿਆ ਹਾਂ; ਇਹ ਸਾਲਾ ਬਾਸ ਵੀ ਤਾਂ ਇਕ ਸੱਪ ਹੀ ਹੈ। ਪਰ ਫਿਰ ਖ਼ਿਆਲ ਆਉਂਦਾ ਹੈ ਅਸੀਂ ਬਾਸ ਨੂੰ ਸੱਪ ਸਮਝਣ ਲੱਗ ਪਵਾਂਗੇ ਤਾਂ 'ਕਲਾਸ ਫ਼ੋਰ' ਅਸਾਂ ਨੂੰ ਸੱਪ ਸਮਝਣ ਲੱਗ ਪੈਣਗੇ। ਫਿਰ ਇਸ ਤਰ੍ਹਾਂ ਤਾਂ ਸਾਰਾ ਕੰਮ ਚੌਪਟ ਹੋ ਜਾਵੇਗਾ।

ਕੰਮ ਨੂੰ ਠੀਕ ਢੰਗ ਨਾਲ ਚਲਦੇ ਰਹਿਣ ਲਈ ਮੈਂ ਫ਼ੈਸਲਾ ਕਰ ਲੈਂਦਾ ਹਾਂ ਅੱਗੇ ਨੂੰ ਅਸੀਂ ਕਿਸੇ ਨੂੰ ਵੀ ਸ਼ੱਕ ਦੀ ਨਜ਼ਰ ਨਾਲ ਨਹੀਂ ਦੇਖਾਂਗੇ।

ਸਦਰ ਬਾਜ਼ਾਰ ਦਾ ਮੋੜ ਮੁੜ ਰਹਿਆ ਸਾਂ ਕਿ ਸਾਹਮਣੇ ਮੇਰਾ ਮਿੱਤਰ ਹੱਥਕੜੀਆਂ ਵਿਚ ਜਕੜਿਆ ਸਿਪਾਹੀਆਂ ਨਾਲ ਆਉਂਦਾ ਨਜ਼ਰੀਂ ਪਿਆ। ਉਹ ਚੁਪ-ਚਾਪ ਨੀਵੀਂ ਪਾਈ ਮੇਰੇ ਕੋਲ ਦੀ ਲੰਘ ਗਿਆ। ਪਿਛੇ ਆਉਂਦੇ ਇਕ ਬੰਦੇ ਤੋਂ ਪਤਾ ਕੀਤਾ ਤਾਂ ਕਹਿਣ ਲਗਿਆ, ''ਇਹ ਸਾਲਾ

ਪੂਰਾ ਕਾਲਾ ਨਾਗ ਐ, ਆਪਣੇ ਹੀ ਦੇਸ ਨਾਲ ਗ਼ਦਾਰੀ ਕਰਦਾ ਹੈ।"

ਮੈਨੂੰ ਆਪਣੇ ਮਿੱਤਰ ਨਾਲ ਨਫ਼ਰਤ ਹੋਈ, ਪ੍ਰੰਤੂ ਮੈਂ ਕਰ ਵੀ ਕੀ ਸਕਦਾ ਸਾਂ।

ਹੁਣ ਮੈਂ ਸੋਚਦਾ ਹਾਂ, ਮੇਰੀਆਂ ਬਾਹਾਂ, ਗਲ ਅਤੇ ਲੱਤਾਂ ਉਪਰ ਵੱਡੇ ਵੱਡੇ ਨਾਗ ਰੀਂਗ ਰਹੇ ਸਨ। ਮੈਂ ਚਾਹੁੰਦਿਆਂ ਹੋਇਆਂ ਵੀ ਉਹਨਾਂ ਨੂੰ ਪਰੇ ਨਹੀਂ ਹਟਾ ਸਕਦਾ।

ਮੈਂ ਕੋਈ ਸ਼ਿਵ ਤਾਂ ਨਹੀਂ ਕਿ ਵਿਸ਼ਪਾਨ ਕਰ ਸਕਾਂ ਅਤੇ ਨਾ ਹੀ ਮੈਂ ਖ਼ੁਦ ਨਾਗ ਹਾਂ ਜਿਸ ਨੂੰ ਦੂਸਰੇ ਨਾਗ ਦੇ ਕੱਟਣ ਨਾਲ ਵਿਹੁ ਨਾ ਚੜ੍ਹੇਗੀ।

ਆਪਣੀ ਮੰਜੀ ਉਪਰ ਪਿਆ ਮੈਂ ਕੰਬਣ ਲੱਗ ਜਾਂਦਾ ਹਾਂ।

ਕੋਲ ਹੀ ਪਤਨੀ ਅਤੇ ਬੰਟੀ ਪਏ ਹਨ ਤੇ ਘਬਰਾਹਟ ਕਾਰਨ ਮੈਂ ਆਪਣੀ ਪਤਨੀ ਨੂੰ ਜਗਾ ਲੈਂਦਾ ਹਾਂ। ਅਤੇ ਪੁੱਛਦਾ ਹਾਂ, "ਪਰ ਕਾਲੇ ਨਾਗ ਨੂੰ ਮਾਰਿਆ ਕਿਸ ਨੇ ?"

"ਉਹ ਤਾਂ ਮੈਂ ਦਸਣਾ ਈ ਭੁੱਲ ਗਈ, ਬੰਟੀ ਨੇ ਕਾਲੇ ਨਾਗ ਦੀ ਸਿਰੀ ਉਪਰ ਅਜੇਹਾ ਡੰਡਾ ਮਾਰਿਆ ਕਿ ਉਹ ਇਕਦਮ ਲੁੜਕ ਗਇਆ।"

ਮੈਂ ਦੇਖਦਾ ਹਾਂ, ਬੰਟੀ ਦਾ ਚਿਹਰਾ ਦਸ ਰਹਿਆ ਹੈ। ਇਸ ਸਮੇਂ ਮੈਂ ਇਕ ਅਜੀਬ ਤਰ੍ਹਾਂ ਦੀ ਖ਼ੁਸ਼ੀ ਮਹਿਸੂਸ ਕਰ ਰਹਿਆ ਹਾਂ ਜਿਹੜੀ ਮੈਂ ਕਿਸੇ ਨੂੰ ਨਹੀਂ ਦੱਸ ਸਕਦਾ।

●

ਤਾਂ ਉਸ ਨੂੰ ਪੂਰਾ ਵਿਸ਼ਵਾਸ਼ ਹੈ। ਪਰ ਮੈਂ......ਮੈਂ ਉਹਨੂੰ ਛੱਡ ਕੇ ਕਿਸੇ ਹੋਰ ਦੁਨੀਆਂ ਦੀ ਚਾਹਤ ਕਰਦੀ ਹਾਂ। ਕੀ ਇਹ ਮੇਰੇ ਲਈ ਚੰਗਾ ਹੈ ? ਕੀ ਅਪਣੇ ਪਤੀ ਪ੍ਰਤੀ ਮੇਰਾ ਛਲ ਨਹੀਂ ਕਿ ਪ੍ਰਾਏ ਮਰਦ ਤੇ ਆਪਣਾ ਹੱਕ ਦਰਸਾਵਾਂ ਜਾਂ ਅਪਣੇ ਪਤੀ ਦੇ ਹੁੰਦਿਆਂ ਕਿਸੇ ਹੋਰ ਦੇ ਸੁਪਨੇ ਲਵਾਂ ? ਇਹ ਪਾਪ ਹੈ। ਮੈਂ ਅਜੇਹਾਂ ਕਿਉਂ ਕਿਆਸਦੀ ਹਾਂ। ਮੈਂ ਕਿਉਂ ਆਪਣੀ ਮੰਜ਼ਲ ਤੋਂ ਭਟਕ ਰਹੀ ਹਾਂ। ਮੈਂ ਖ਼ੁਦ ਆਪਣੇ ਪਤੀ ਨੂੰ ਰਿਝਾ ਸਕਦੀ ਹਾਂ। ਮੈਂ ਆਪਣੇ ਚਾਵਾਂ ਅਤੇ ਮਲ੍ਹਾਰਾਂ ਲਈ ਮੰਗ ਦੀ ਭਾਵਨਾ ਆਪਣੇ ਪਤੀ ਵਿਚ ਪੈਦਾ ਕਰ ਸਕਦੀ ਹਾਂ, ਸਭ ਕੁਝ ਕਰ ਸਕਦੀ ਹਾਂ। ਪਰ ਅਜੇਹਾ ਕਦਮ ਨਹੀਂ ਚੁਕ ਸਕਦੀ ਜਿਸ ਤੇ ਮੈਂ ਗੁਨਾਹਗਾਰ ਸਾਬਤ ਹੋਵਾਂ। ਮੈਂ ਆਪਣੇ ਪਤੀ ਨੂੰ ਧੋਖਾ ਨਹੀਂ ਦੇ ਸਕਦੀ। ਨਹੀਂ—ਨਹੀਂ—ਨਹੀਂ ਅਜੇਹਾ ਨਹੀਂ ਹੋ ਸਕਦਾ, ਅਜੇਹਾ ਹਰਗਿਜ਼ ਨਹੀਂ ਹੋ ਸਕਦਾ।"

ਆਪਣੇ ਆਪ ਨੂੰ ਕਸੂਰਵਾਰ ਸਮਝਦੀ ਲਾਜ ਇਕ ਦਮ ਆਪੇ ਤੋਂ ਬਾਹਰ ਹੋ ਗਈ। ਅੰਦਰ ਵੜਦੇ ਹੀ ਉਹਦੇ ਪਤੀ ਦੇ ਕੰਨੀ ਜਦ ਲਾਜ ਦੇ ਕਹੇ ਇਹ ਲਫ਼ਜ਼ ਪਏ ਤਾਂ ਉਹ ਵਾਹੋਦਾਹੀ ਉਸ ਵੱਲ ਹੋਇਆ ਤੇ ਮੌਢਿਆਂ ਤੋਂ ਥੰਮਦਾ ਬੋਲਿਆ, "ਕੀ ਹੋ ਗਿਆ ਤੈਨੂੰ ਕੀ ਨਹੀਂ ਹੋ ਸਕਦਾ, ਕੀ ਗੱਲ ਹੈ ਲਾਜ।"

"ਕੁਝ ਨਹੀਂ ਮੇਰੇ ਮੀਤ, ਕੁਝ ਨਹੀਂ," ਕਹਿੰਦੀ ਲਾਜ ਉਚੀ ਉਚੀ ਰੋਣ ਲੱਗ ਪਈ ਤੇ ਆਪਣੇ ਪਤੀ ਦੇ ਕਲਾਵੇ ਵਿਚ ਸਿਮਟ ਗਈ।

(Vancouver, B. C.)

●


# Saaz Aur Sangeet CJJC 800 AM

**— RADIO PROGRAM —**

IN URDU, HINDI, PUNJABI

**EVERY Tuesday from 9:00 to 10:00 P.M.**

*Chohan Enterprises* * *Samra Bros.*

6684 MAIN STREET, VANCOUVER, B. C. 8320 SCOTT ROAD, DELTA, B. C.

327-4911 581-2919

## FOR ALL KINDS OF REAL ESTATE SERVICES CONTACT

OFFICE
437-9431

RES.
433-3334



## DARSHAN BRAR MA

Real Estate Board Award Winner

Member Medallion Club & Master Member

## UNITED REALTY LTD.

2443 Kingsway
Vancouver



PHONE ANY TIME FOR
NEW & USED CARS and HALF TON TRUCKS



# MAJER SINGH DHALIWAL

## CAR SALESMAN

ਨਵੀਂ ਜਾਂ ਪੁਰਾਣੀ ਕਾਰ, ਵੈਗਨ ਜਾਂ ਪਿਕਅੱਪ ਅਤੇ ਟਰੱਕ ਆਦਿਕ ਅੱਤੀ ਘੱਟ ਸਸਤੀਆਂ ਕੀਮਤਾਂ ਤੇ ਖਰੀਦਣ ਲਈ ਮੇਜਰ ਸਿੰਘ ਧਾਲੀਵਾਲ ਨੂੰ ਮਿਲੋ ਜੋ 641-LOUGHEED HWY. (NEAR LOUGHEED MALL) COQUITLAM, ਵਿਚ ਕਾਰ ਸੇਲਜ਼ਮੈਨ ਹਨ। ਵਧੇਰੇ ਵਾਕਫੀ ਲਈ ਘਰ 594-2838 ਤੇ ਫੋਨ ਕਰੋ। ਗੈਰੇਜ ਵਿਚ ਪੁੱਜਕੇ ਮੈਨੇਜਰ ਨੂੰ ਕਹੋ ਕਿ ਤੁਸੀਂ ਮੇਜਰ ਸਿੰਘ ਧਾਲੀਵਾਲ ਨੂੰ ਮਿਲਣਾ ਹੈ।

Bus.
937-7711



Res.
594-2838

## GARY PONTIAC-BUICK & GMC LTD



Plan

# India Holidays

*with*

SAFEWAYS GROUPS

*For Instant Booking call collect:*

604-873-5631
604-873-4011

*We will arrange Canadian, Indian and Fijian passports.*

SAFEWAYS
TRAVEL AGENCY LTD.

*1391 Kingway Vancouver, B.C. V5V 3E3*

STA



**For free consultation and professional advice in buying, selling or trading any type of real estate contact any time**

OFFICE
324-3888
RES.
434-4060



## MANJEET S. BHATTI

LOVE ROCK REALTY

5316 Victoria Drive,
Vancouver, B.C.

## NEED ANY HELP IN ANY TYPE OF REAL ESTATE CONTACT ANY TIME!



OFF
437-9431

RES.
687-7711
page 3756
OUT OF TOWN
TOLL FREE
112-800-663-3708

# BALWINDER BRAR
## M.Sc.

### UNITED REALTY LTD.

**2443 Kingsway**
**Vancouver**

---

ਸਾਡੇ ਪਾਸੋਂ ਹੇਠ ਲਿਖੀਆਂ ਵਸਤਾਂ ਮਿਲਦੀਆਂ ਹਨ:

***WE CARRY THE FOLLOWING***

| | |
|---|---|
| ਹੈਂਡ ਬੈਗਜ਼ | – HAND BAGS |
| ਚਮੜੇ ਦੀਆਂ ਵਸਤਾਂ | – LEATHER GOODS |
| ਚਾਂਦੀ ਤੇ ਪਿੱਤਲ ਦੀਆਂ ਕਲਾ-ਕਿਰਤਾਂ | – LUGGUGE, SILVER AND BRASS ARTWARE |
| ਲੱਕੜ ਦੀਆਂ ਕਿਰਤਾਂ | – WOOD HANDICRAFT |
| ਭਾਰਤੀ ਗਰੌਸਰੀ | – EAST INDIAN GROCERIES |
| ਬੈੱਡ ਰੂਮ ਸੁਈਟਸ | –BEDROOM SUITES |
| ਚੈਸਟਰਫੀਲਡਜ਼ | –CHESTERFIELDS |
| ਕੌਫੀ ਟੇਬਲ | –COFFEE TABLES |
| ਕਿਚਨੈੱਟ ਸੈੱਟਸ | –KITCHENETTE SETS |

# SURAN ENTERPRISES LTD.

IMPORTERS – RETAILERS

33765 Essendene Avenue,
Abbotsford, B.C.
853-4971

Prop.: Joginder Singh Suran Res. 859-3574

ਜੋਗਿੰਦਰ ਸਿੰਘ ਸੁਰਾਂ

---

# GABA TRAVELS



4270 FRASER STREET,
VANCOUVER
PHONE: 876-0812
or 876-8121
(RAVINDER GABA)

*We have special groups going to INDIA, FIJI, HONGKONG and CHARTERED FLIGHTS to London.*

Indian, Fijian and Canadian Passports are also arranged.

For your friends or relatives coming from India as visitors or immigrants, we have the following offices in India to serve you better:

1. NURMAHAL (Jullundur) phone 49.
2. ROXY HOTEL BLDG. (Jullundur) phone P.P. 5370 and 7018.
3. JANDIALA (Jullundur).
4. 5-L Connought Circus, New Delhi Phone 46459

**Contact: Mr. Manohar Lal Gaba)**

---




- **All Fabrics and Garments on Special Clearance.**
- **A Variety of Gift Wares, such as: Imported Jewellery, Handicrafts, Decoration Pieces.**
- **Leather Belts – Double Buckle, Special $1.95 ea.**

**And Many More!**

BEANT S.
SAHOTA



PH. 524-8882

COME AND SEE US AT:

# KIRAN INTERNATIONAL EMPORIUM

**700–12th St., New Westminster**

# A FANTASTIC INSURANCE PROGRAMME

## Available first time in Canada!

**UP TO $50,000**

***NOW — a life insurance policy that***
**GUARANTEES EVERY CENT OF YOUR MONEY BACK**
***anytime you ask — after premiums have been paid and the policy has been in force for two years.***

*We also provide various other forms of insurance, such as:*

- Investment plans
- Mortgage Insurance
- Children's Educational Plans
- Accident & Sickness policy
- Registered Retirement Savings plans
- Travel insurance, etc., etc.

ਹੁਣ ਤੁਸੀਂ ਨਵੀਂ ਕਿਸਮ ਦੀ ਵਧੀਆ ਇਨਸ਼ੋਅਰੈਂਸ ਪਾਲਿਸੀ ਖਰੀਦ ਸਕਦੇ ਹੋ, ਜਿਸ ਰਾਹੀਂ ਕਿਸੇ ਵੀ ਫੈਮਿਲੀ ਮੈਂਬਰ ਦਾ 50,000 ਡਾਲਰ ਤੱਕ ਲਾਈਫ ਇਨਸ਼ੋਅਰੈਂਸ ਹੋ ਸਕਦਾ ਹੈ ਤੇ ਸਿਰਫ ਦੋ ਸਾਲ ਪਾਲਿਸੀ ਚਾਲੂ ਰੱਖਕੇ ਤੁਸੀਂ ਉਸ ਤੋਂ ਬਾਅਦ ਜਦੋਂ ਵੀ ਚਾਹੋ ਆਪਣੇ ਸਾਰੇ ਪੈਸੇ ਇਕੱਠੇ ਵਾਪਸ ਲੈ ਸਕਦੇ ਹੋ!

ਇਹ ਪਾਲਿਸੀ ਕੈਨੇਡਾ ਵਿੱਚ ਪਹਿਲੀ ਵਾਰੀ ਚਾਲੂ ਹੋਈ ਹੈ।

***For further information please feel free to call any one of us without obligation:***



**JAGJIT SINGH SIDHU M.A.**
Unit Supervisor
Res.: 324-2493



**RUPINDER AZAD M.A.**
Res. 430-1924



PRIT PAL S. NARWAL
B.A., LLB.
874-3276 / 324-8989
(Member Bar Council of Punjab & Haryana High Court)
(Also for Immigration Needs)



**MOHAMMED K. HUSSEIN**
324-2683/873-8915
(Also for Accounting and Income Tax needs)

# SEABOARD LIFE INSURANCE COMPANY

**1920 West Broadway Vancouver**

**Off.: 736-7431**

# WATNO DŪR

**14768 HALSTEAD PLACE**
**SURREY, B.C. , V3R 6S5**




ਜਗਮੋਹਨ

ਅਤੇ

ਕੇ ਦੀਪ



**Jagmohan in Romantic Mood**
**Nightingale of Punjab & Film Actress**
**Most popular artist in T.V.**

**K. Deep — Most popular in Films, T.V. & Radio**

# K. DEEP and JAGMOHAN SHOW!

***ONCE AGAIN, DON'T MISS TO SEE:***

**S & S presentation at**

## QUEEN ELIZABETH THEATRE

**On September 10th, 1977 at 8 p.m.**

**BHANGRA KING.**
**Ramesh Sharma — Best Folk Dancer of India 1965**
**Harbans Lal Dholi — Gold Medallist of India**
**Rashpaul Singh (Pal) Radio & T.V. Artist**

Tickets: $4 and $5

**Gurdeep — With a Golden Voice. (Radio & T.V. artist)**
**Gurcharan 'Chani' Top most Dholk Master of Punjab**

**FURTHER INFORMATION CALL: 325-8343**


WATNO DUR (Far from the Mother'and) is a literary and cultural monthly of PANJABI language — the mother-tongue of East Panjab (India) and West Panjab (Pakistan) — published by WATNO DUR PUBLICATIONS (Reg'd). WATNO DUR has been serving Canadian readers since July, 1973. The contributors include well-known Panjabi writers from Canada, India, Pakistan and England.